CORE COURSE(CC): RELIGIOUS STUDIES

SEMESTER-VI

(FAMOUS RELIGIOUS THINKERS)

ਧਰਮ ਚਿੰਤਕ

ਭਾਗ–ਪਹਿਲਾ

1. ਸਿੱਖ ਧਰਮ– (ਓ)– ਭਾਈ ਗੁਰਦਾਸ ਜੀ, ਭਾਈ ਲਾਲ ਗੋਯਾ ਜੀ

2. ਸਿੱਖ ਧਰਮ (ਅ)– ਭਾਈ ਸੰਤੋਖ ਸਿੰਘ, ਰਤਨ ਸਿੰਘ ਭੰਗੂ

3. ਸਿੱਖ ਧਰਮ (ਏ)– ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ

4. ਹਿੰਦੂ ਧਰਮ–(ਸ) ਸ਼ੰਕਰਾਚਾਰਯ, ਸਵਾਮੀ ਵਿਵੇਕਾਨੰਦ, ਰਾਜਾ ਰਾਮ ਮੋਹਨ ਰਾਇ

5. ਜੈਨ ਧਰਮ–(ਹ) ਆਚਾਰਯ ਦੇਵਰਿਧੀ, ਆਚਾਰਯ ਭੱਦਰਬਾਹੂ , ਆਚਾਰਯ ਕੁੰਦ ਕੁੰਦ

ਭਾਗ–ਦੂਸਰਾ

6. ਬੁੱਧ ਧਰਮ– ਅਵਸ਼ਘੋਸ਼, ਨਾਗਾਰਜੁਨ, ਵਾਸੂਬੰਧੂ

7. ਜ਼ਰਤੁਸਤ ਧਰਮ– ਜ਼ਰਤੋਸ਼ਤ ਬਹਰਾਮ–ਏ–ਪਜ਼ਹਦੋ, ਐਡਵਡ ਵਿਲੀਅਮ ਵੈਸਟ, ਜੇਮਸ ਡਾਰਮੇਸਟੇਟਰ

8. ਯਹੂਦੀ ਧਰਮ– ਜੇਰੋਮ, ਸੰਤ ਅਗਸਤੀਨ, ਸੰਤ ਥਾਮਸ ਐਕੁਨਿਕਸ

9. ਈਸਾਈ ਧਰਮ– ਸੇਂਟ ਪਾਲ, ਸੇਂਟ ਪੀਟਰ, ਜੋਸਿਫ ਅੰਗੁਸ

10. ਇਸਲਾਮ ਧਰਮ– ਅਲ ਕਿੰਦੀ, ਇਬਨੇ ਸਿਨਾ, ਅਲ ਗਜ਼ਾਲੀ

ਸਿੱਖ ਧਰਮ– (ਓ)– ਭਾਈ ਗੁਰਦਾਸ ਜੀ, ਭਾਈ ਲਾਲ ਗੋਯਾ ਜੀ

ਭਾਈ ਗੁਰਦਾਸ ਜੀ

ਰਮੇਸ਼ ਬੱਗਾ ਚੋਹਲਾ

ਸਿੱਖ ਧਰਮ ਵਿੱਚ ਜਦੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਗੁਰੂ ਘਰ ਦੇ ਪਿਆਰਿਆਂ ਅਤੇ ਸਚਿਆਰਿਆਂ ਦੀ ਕਮਾਈ ਦਾ ਵੀ ਧਿਆਨ ਧਰਨ ਲਈ ਕਿਹਾ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਨਾ ਸਿਰਫ ਸਿੱਖੀ ਸਿਧਾਂਤਾਂ ਮੁਤਾਬਕ ਢਾਲਿਆ, ਸਗੋਂ ਉਨ੍ਹਾਂ ਸਿਧਾਂਤਾਂ ਦੀ ਰੌਸ਼ਨੀ ਨੂੰ ਦੂਰ-ਦੁਰਾਡੇ ਤੱਕ ਪਹੁੰਚਾਉਣ ਲਈ ਵੀ ਆਪਣਾ ਅਹਿਮ ਯੋਗਦਾਨ ਪਾਇਆ। ਇਨ੍ਹਾਂ ਗੁਰੂ ਘਰ ਦੇ ਪਿਆਰਿਆਂ-ਨਿਆਰਿਆਂ ਦੇ ਯੋਗਦਾਨ ਬਦਲੇ ਗੁਰੂ ਨਾਨਕ ਨਾਮ ਲੇਵਾ ਸੰਗਤ ਇਨ੍ਹਾਂ ਨੂੰ ਵੀ ਓਨਾ ਹੀ ਮਾਣ-ਸਤਿਕਾਰ ਦਿੰਦੀ ਹੈ, ਜਿੰਨਾ ਸਿੱਖ ਧਰਮ ਦੇ ਰਹਿਬਰਾਂ ਨੂੰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਦੇ ਹੀ ਮਾਣ ਸਤਿਕਾਰ ਦੇ ਪਾਤਰ ਬਣਦੇ ਹਨ ਸਿੱਖ ਧਰਮ ਦੇ ਮਹਾਨ ਵਿਦਵਾਨ, ਚਿੰਤਕ ਅਤੇ ਗੁਰਬਾਣੀ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ।

ਭਾਈ ਗੁਰਦਾਸ ਜੀ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿੱਚ ਭਾਈ ਈਸ਼ਰ ਦਾਸ (ਗੁਰੂ ਅਮਰਦਾਸ ਜੀ ਦਾ ਚਚੇਰਾ ਭਾਈ) ਦੇ ਪਰਿਵਾਰ ਵਿੱਚ 1559 ਈ. ਨੂੰ ਹੋਇਆ। ਕੁੱਝ ਲੇਖਕਾਂ ਦੀ ਵੱਖਰੀ ਰਾਇ ਮੁਤਾਬਕ ਭਾਈ ਸਾਹਿਬ ਦਾ ਜਨਮ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ ’ਤੇ 1553 ਈ. ਨੂੰ ਹੋਇਆ ਵੀ ਮੰਨਿਆ ਜਾਂਦਾ ਹੈ। ਆਪਣੇ ਬਚਪਨ ਦਾ ਵਧੇਰੇ ਸਮਾਂ ਭਾਈ ਗੁਰਦਾਸ ਜੀ ਨੇ ਸ੍ਰੀ ਗੋਇੰਦਵਾਲ ਸਾਹਿਬ ਵਿੱਚ ਹੀ ਬਿਤਾਇਆ ਅਤੇ ਪ੍ਰਾਇਮਰੀ ਸਿੱਖਿਆ ਵੀ ਇੱਥੋਂ ਹੀ ਹਾਸਲ ਕੀਤੀ। ਇਸ ਤੋਂ ਅਗਲੀ ਅਤੇ ਉਚੇਰੀ ਸਿੱਖਿਆ ਉਨ੍ਹਾਂ ਨੇ ਉਸ ਵੇਲੇ ਦੇ ਪ੍ਰਸਿੱਧ ਇਸਲਾਮੀ ਅਤੇ ਭਾਰਤੀ ਵਿਦਿਆ ਕੇਂਦਰਾਂ ’ਤੇ ਜਾ ਕੇ ਗ੍ਰਹਿਣ ਕੀਤੀ। ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਉਨ੍ਹਾਂ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਗੁਰਮਤਿ ਦੇ ਵਿਸ਼ਿਆਂ ’ਤੇ ਆਪਣੀ ਪਕੜ ਮਜ਼ਬੂਤ ਬਣਾ ਲਈ।

ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਦੀ ਧਾਰਨਾ ਮੁਤਾਬਕ ਭਾਈ ਗੁਰਦਾਸ ਜੀ ਵੀ ਗ੍ਰਹਿਸਥ ਮਾਰਗ ਨੂੰ ਤਰਜੀਹ ਦਿੰਦੇ ਹਨ। ਇਸ ਦੀ ਪੁਸ਼ਟੀ ਹੇਠ ਲਿਖੇ ਤੋਂ ਭਲੀਭਾਂਤ ਹੋ ਜਾਂਦੀ ਹੈ:

ਗਿਆਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ।।

ਬਾਬੇਕਿਆਂ ਦੀ ਸਰਬੱਤ ਦਾ ਭਲਾ ਮੰਗਣ ਵਾਲੀ ਸੋਚ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਭਾਈ ਗੁਰਦਾਸ ਜੀ ਲਾਹੌਰ, ਆਗਰਾ, ਕਾਂਸ਼ੀ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਗਏ। ਇਹ ਸਿਲਸਿਲਾ ਗੁਰੂ ਹਰਗੋਬਿੰਦ ਜੀ ਤੱਕ ਚੱਲਦਾ ਰਿਹਾ। ਪ੍ਰਚਾਰ ਦੇ ਨਾਲ-ਨਾਲ ਭਾਈ ਸਾਹਿਬ ਨੇ ਫਤਹਿਪੁਰ ਸੀਕਰੀ, ਗਵਾਲੀਅਰ, ਉਜੈਨ, ਲਖਨਊ ਅਤੇ ਜੋਨਪੁਰ ਆਦਿ ਥਾਵਾਂ ’ਤੇ ਵੀ ਸਿੱਖ ਸੰਗਤ ਸਥਾਪਤ ਕੀਤੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਕਈ ਅੰਦਰੂਨੀ ਅਤੇ ਬਾਹਰੀ ਵਿਰੋਧੀਆਂ ਦੀਆਂ ਕੋਝੀਆਂ ਚਾਲਾਂ ਨੂੰ ਪਛਾੜਨ ਲਈ ਵੀ ਭਾਈ ਗੁਰਦਾਸ ਜੀ ਦਾ ਅਹਿਮ ਰੋਲ ਰਿਹਾ ਹੈ। ਇਸ ਰੋਲ ਸਦਕਾ ਹੀ ਗੁਰੂ ਘਰ ਦੀ ਆਰਥਿਕ ਵਿਵਸਥਾ ਮੁੜ ਲੀਹ 'ਤੇ ਆਈ ਅਤੇ ਉਸਾਰੀ ਦੇ ਕੰਮਾਂ ਦੀ ਰਫਤਾਰ ਤੇਜ਼ ਹੋ ਗਈ। ਜਦੋਂ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਦਾ ਕੰਮ ਆਰੰਭਿਆ ਤਾਂ ਉਸ ਪਾਵਨ ਸਰੂਪ ਨੂੰ ਲਿਖਣ ਦੀ ਸੇਵਾ ਭਾਈ ਗੁਰਦਾਸ ਜੀ ਵੱਲੋਂ ਨਿਭਾਈ ਗਈ। ਇਸ ਤੋਂ ਇਲਾਵਾ ਗੁਰੂ ਆਸ਼ੇ ਦੀ ਵਿਆਖਿਆ ਕਰਨ ਹਿੱਤ ਭਾਈ ਸਾਹਿਬ ਨਾਲ-ਨਾਲ ਆਪਣੀ ਬਾਣੀ ਦੀ ਸਿਰਜਣਾ ਵੀ ਕਰਦੇ ਰਹੇ। ਇਸ ਬਾਣੀ ਨੂੰ ਜਦੋਂ ਪੰਚਮ ਪਾਤਸ਼ਾਹ ਨੇ (ਗੁਰੂ) ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਚਾਹਿਆ ਤਾਂ ਨਿਮਰਤਾ ਦਾ ਸਬੂਤ ਦਿੰਦਿਆਂ ਭਾਈ ਸਾਹਿਬ ਨੇ ਕਿਹਾ ਕਿ ਸੇਵਕ ਸਾਹਿਬ ਦੇ ਬਰਾਬਰ ਬੈਠਾ ਸ਼ੋਭਦਾ ਨਹੀਂ। ਇਹ ਨਿਮਰਤਾ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਭਾਈ ਸਾਹਿਬ ਦੀ ਬਾਣੀ ਨੂੰ 'ਗੁਰਬਾਣੀ ਦੀ ਕੁੰਜੀ' ਕਹਿ ਕੇ ਰੱਜਵਾਂ ਸਤਿਕਾਰ ਦਿੱਤਾ।

ਭਾਈ ਗੁਰਦਾਸ ਜੀ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਆਰੰਭਲੇ ਸਮੇਂ ਅਕਾਲ ਤਖ਼ਤ ਦੀ ਉਸਾਰੀ ਦੇ ਕੰਮਕਾਜ ਦੀ ਨਿਗਰਾਨੀ ਵੀ ਕੀਤੀ। ਜਦੋਂ 1609 ਈ. ਨੂੰ ਛੇਵੇਂ ਗੁਰੂ ਨੇ ਅਕਾਲ ਤਖਤ ਸਾਹਿਬ ਦੀ ਨੀਂਹ ਰੱਖੀ ਤਾਂ ਉਸ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਭਾਈ ਸਾਹਿਬ ਨੇ ਬਾਖੂਬੀ ਨਿਭਾਈ। ਜਦੋਂ ਗੁਰੂ ਸਾਹਿਬ ਗੁਰਸਿੱਖੀ ਦੇ ਪ੍ਰਚਾਰ ਲਈ ਕਿਤੇ ਦੂਰ ਨੇੜੇ ਜਾਂਦੇ ਤਾਂ ਅੰਮ੍ਰਿਤਸਰ ਆਉਣ ਵਾਲੇ ਸ਼ਰਧਾਲੂਆਂ ਦਾ ਸਵਾਗਤ ਅਤੇ ਸੇਵਾ ਦਾ ਕੰਮ ਵੀ ਭਾਈ ਗੁਰਦਾਸ ਜੀ (ਬਾਬਾ ਬੁੱਢਾ ਜੀ ਨਾਲ ਮਿਲ ਕੇ) ਵੱਲੋਂ ਬੜੇ ਉਤਸ਼ਾਹ ਨਾਲ ਕੀਤਾ ਜਾਂਦਾ। ਗੁਰੂ ਘਰ ਦੇ ਈਰਖਾਲੂਆਂ ਵੱਲੋਂ ਜਦੋਂ ਕਦੇ ਬਾਬੇ ਨਾਨਕ ਦੇ ਨਿਰਮਲ ਪੰਥ ਬਾਬਤ ਸੰਗਤ ਵਿੱਚ ਕੋਈ ਭਰਮ ਭੁਲੇਖਾ ਪਾਇਆ ਜਾਂਦਾ ਤਾਂ ਉਸ ਨੂੰ ਨਵਿਰਤ ਕਰਨ ਦੀ ਡਿਊਟੀ ਵੀ ਭਾਈ ਗੁਰਦਾਸ ਜੀ ਵੱਲੋਂ ਹੀ ਨਿਭਾਈ ਜਾਂਦੀ। ਗੁਰੂ ਘਰ ਦੇ ਲੋਹ-ਲੰਗਰ ਅਤੇ ਹੋਰ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢਣ ਦੀ ਪਿਰਤ ਪਾਉਣ ਦਾ ਸਿਹਰਾ ਵੀ ਭਾਈ ਗੁਰਦਾਸ ਜੀ ਨੂੰ ਹੀ ਜਾਂਦਾ ਹੈ। ਸਿੱਖ ਸਮਾਜ ਅਤੇ ਗੁਰੂ ਘਰ ਦੇ ਹੋਰ ਪ੍ਰੀਤਵਾਨਾਂ ਵਿੱਚ ਇਹ ਪਿਰਤ ਹਾਲੇ ਵੀ ਕਾਇਮ ਹੈ।

1605 ਈ. (ਸੰਮਤ 1662) ਵਿੱਚ ਜਦੋਂ ਅਕਬਰ ਬਾਦਸ਼ਾਹ ਬਟਾਲੇ ਆਇਆ ਤਾਂ ਕਿਸੇ ਨੇ ਉਸ ਦੇ ਕੰਨ ਇਹ ਕਹਿ ਕੇ ਭਰ ਦਿੱਤੇ ਕਿ ਗੁਰੂ ਸਾਹਿਬ ਵੱਲੋਂ ਰਚਿਤ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਅਤੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖ਼ਿਲਾਫ਼ ਲਿਖਤ ਲਿਖੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਅਕਬਰ ਬਾਦਸ਼ਾਹ ਦੇ ਸ਼ੰਕਿਆਂ ਨੂੰ ਸੰਤੁਸ਼ਟ ਕਰਨ ਦੇ ਕਾਬਲ ਵੀ ਭਾਈ ਗੁਰਦਾਸ ਜੀ ਨੂੰ ਹੀ ਸਮਝਿਆ ਗਿਆ। ਗੁਰੂ ਸਾਹਿਬ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ (ਗੁਰੂ) ਗ੍ਰੰਥ ਸਾਹਿਬ ਨੂੰ ਨਾਲ ਲੈ ਕੇ ਬਟਾਲੇ ਪਹੁੰਚ ਗਏ। ਜਦੋਂ ਅਕਬਰ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਾਠ ਕਰਨਾ ਆਰੰਭ ਕਰ ਦਿੱਤਾ। ਪਾਠ ਦੀ ਅਰੰਭਤਾ ਵਿੱਚ ਜੋ ਸ਼ਬਦ ਆਇਆ ਉਹ ਸੀ:

ਖਾਕ ਨੂਰ ਕਰਦੰ ਆਲਮ ਦੁਨੀਆਇ।।

ਇਸ ਸ਼ਬਦ ਦੇ ਨਾਲ ਹੀ ਅਕਬਰ ਬਾਦਸ਼ਾਹ ਦੀ ਕਾਫੀ ਹੱਦ ਤੱਕ ਤਸੱਲੀ ਹੋ ਗਈ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਕੁੱਝ ਹੋਰ ਸ਼ਬਦ ਵੀ ਪੜ੍ਹੇ, ਜਿਨ੍ਹਾਂ ਨੂੰ ਸੁਣ ਕੇ ਅਕਬਰ ਨੇ 51 ਮੋਹਰਾਂ (ਗੁਰੂ) ਗ੍ਰੰਥ ਸਾਹਿਬ ਅੱਗੇ ਰੱਖ ਕੇ ਆਪਣਾ ਸੀਸ ਝੁਕਾਇਆ। ਇੱਥੇ ਹੀ ਬੱਸ ਨਹੀਂ ਉਸ ਨੇ ਭਾਈ ਗੁਰਦਾਸ ਜੀ ਨੂੰ ਇੱਕ ਸੁੰਦਰ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਵੀ ਕੀਤਾ। ਗੁਰੂ ਘਰ ਦੇ ਅਨਿਨ ਸੇਵਕ ਅਤੇ ਸਰਵਸ੍ਰੇਸ਼ਟ ਬੁੱਧੀ ਦੇ ਮਾਲਕ ਭਾਈ ਗੁਰਦਾਸ ਜੀ ਦੀ ਤਿੰਨ ਤਰ੍ਹਾਂ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਿਕ ਵਾਰਾਂ (ਪੰਜਾਬੀ) 675 ਬਰਿਜ ਅਤੇ ਕੁੱਝ ਸਲੋਕ (ਸੰਸਕ੍ਰਿਤ) ਵਿੱਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਜਨਮ ਸਾਖੀਆਂ ਨੇ ਭਾਈ ਸਾਹਿਬ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਕਵਿਤਾਇਆ ਹੈ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਗੁਰਮਤਿ ਦੀ ਲਾਭਦਾਇਕਤਾ ਦਾ ਪਤਾ ਲਗਾਉਣ ਲਈ ਉਨ੍ਹਾਂ ਦੀ ਇਸ ਰਚਨਾ ਦਾ ਨਿੱਠ ਕੇ ਅਧਿਐਨ ਕਰਨਾ ਪੈਂਦਾ ਹੈ। ਇਸੇ ਲਈ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ ਕਿ ਭਾਈ ਗੁਰਦਾਸ ਦੀ ਬਾਣੀ ਤੋਂ ਸਿੱਖੀ ਪ੍ਰਾਪਤ ਹੁੰਦੀ ਹੈ। ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਗੋਇੰਦਵਾਲ ਸਾਹਿਬ ਦੀ ਧਰਤੀ ’ਤੇ ਲਏ ਅਤੇ ਛੇਵੇਂ ਗੁਰੂ ਦੀ ਹਜ਼ੂਰੀ ਵਿੱਚ 15 ਅਗਸਤ ਭਾਦੋਂ ਸੁਦੀ ਪੰਜਵੀਂ 1637 ਈ. ਨੂੰ ਸਰੀਰਕ ਚੋਲਾ ਤਿਆਗ ਗਏ।

ਭਾਈ ਨੰਦ ਲਾਲ ਗੋਯਾ ਜੀ

– ਫ਼ਤਿਹ ਸਿੰਘ

ਸਿੱਖ ਇਤਿਹਾਸ ਅਨੁਸਾਰ ਕੁੱਝ ਅਜਿਹੇ ਵਿਅਕਤੀ ਵੀ ਹੋਏ ਹਨ ਜਿਨ੍ਹਾਂ ਦੇ ਨਾਂ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ‘ਤੇ ਲਿਖੇ ਮਿਲਦੇ ਹਨ। ਭਾਈ ਨੰਦ ਲਾਲ ਜੀ ਅਜਿਹੇ ਹੀ ਚੌਣਵੇਂ ਵਿਅਕਤੀਆਂ ‘ਚੋਂ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਨਜ਼ਦੀਕੀ ਰਹੇ ਤੇ ਅਪਣੀ ਬੁੱਧੀ ਤੇ ਲੰਗਰ ਸੇਵਾ ਕਰ ਕੇ ਸਿੱਖ ਜਗਤ ਵਿਚ ਜਾਣੇ ਜਾਂਦੇ ਹਨ।

ਭਾਈ ਨੰਦ ਲਾਲ ਜੀ ਦਾ ਜਨਮ ਸੰਨ 1633 ਈ. ਨੂੰ ਗਜ਼ਨੀ ਸ਼ਹਿਰ ‘ਚ ਮੁਨਸ਼ੀ ਛੱਜੂ ਰਾਮ ਦੇ ਘਰ ਹੋਇਆ। ਭਾਈ ਨੰਦ ਲਾਲ ਜੀ ਦੇ ਪਿਤਾ ਜੀ 1630 ਈ. ਵਿਚ ਹਿੰਦੁਸਤਾਨ ਤੋਂ ਗਜ਼ਨੀ ਚਲੇ ਗਏ ਸੀ ਕਿਉਂਕਿ ਉਹ ਅਰਬੀ ਫ਼ਾਰਸੀ ਦੇ ਚੰਗੇ ਵਿਦਵਾਨ ਸਨ, ਇਸ ਲਈ ਗਜ਼ਨੀ ਦੇ ਹਾਕਮ ਦੇ ਮੀਰ ਮੁਨਸ਼ੀ ਬਣ ਗਏ। ਉਨ੍ਹਾਂ ਨੇ ਅਪਣੇ ਸਪੁੱਤਰ ਭਾਈ ਨੰਦ ਲਾਲ ਜੀ ਨੂੰ ਅਰਬੀ-ਫ਼ਾਰਸੀ ਦੀ ਵਿਦਿਆ ਵਿਚ ਨਿਪੁੰਨ ਕਰ ਦਿਤਾ। ਜਦੋਂ ਬਾਰਾਂ ਸਾਲ ਦੀ ਉਮਰ ‘ਚ ਉਨ੍ਹਾਂ ਦੇ ਪਿਤਾ ਜੀ ਨੇ ਨੰਦ ਲਾਲ ਜੀ ਨੂੰ ਵੈਸ਼ਨਵ ਧਰਮ ਗ੍ਰਹਿਣ ਕਰਨ ਲਈ ਕਿਹਾ ਤਾਂ ਭਾਈ ਜੀ ਨੇ ਕਿਹਾ ਕਿ ਅਜੇ ਉਨ੍ਹਾਂ ਨੇ ਕੋਈ ਧਰਮ ਨਹੀਂ ਅਪਣਾਉਣਾ।

ਜਦੋਂ ਸੰਨ 1652 ਈ. ‘ਚ ਮੁਨਸ਼ੀ ਛੱਜੂ ਰਾਮ ਜੀ ਅਕਾਲ ਚਲਾਣਾ ਕਰ ਗਏ ਤਾਂ ਭਾਈ ਨੰਦ ਲਾਲ ਜੀ ਬਹੁਤ ਉਦਾਸ ਰਹਿਣ ਲੱਗੇ ਅਤੇ ਗਜ਼ਨੀ ਤੋਂ ਵਾਪਸ ਆ ਕੇ ਮੁਲਤਾਨ ਸ਼ਹਿਰ ਵਿਖੇ ਦਿੱਲੀ ਦਰਵਾਜ਼ੇ ਨਿਵਾਸ ਕਰ ਲਿਆ। ਆਪ ਜੀ ਦੇ ਵਿਚਾਰ ਅਤੇ ਆਚਰਣ ਬਹੁਤ ਉੱਚੇ ਤੇ ਸੁੱਚੇ ਸਨ ਅਤੇ ਆਪ ਚੰਗੇ ਵਿਦਿਵਾਨ ਵੀ ਸਨ, ਇਸ ਲਈ ਇੱਥੇ ਆਪ ਜੀ ਦੇ ਬਹੁਤ ਸਾਰੇ ਸੇਵਕ ਬਣ ਗਏ। ਆਪ ਜੀ ਨੂੰ ‘ਆਗਾ’ ਜੀ ਮਤਲਬ ਸੁਆਮੀ ਜੀ ਕਹਿ ਕੇ ਬੁਲਾਉਣ ਲੱਗ ਪਏ। ਇਸ ਤਰ੍ਹਾਂ ਆਪ ਜੀ ਦੇ ਮੁਹੱਲੇ ਦਾ ਨਵਾਂ ਨਾਂ ‘ਆਗਾਪੁਰ’ ਹੀ ਪ੍ਰਚਲਤ ਹੋ ਗਿਆ। ਮੁਲਤਾਨ ‘ਚ ਰਹਿੰਦੇ ਸਮੇਂ ਹੀ ਆਪ ਜੀ ਦੀ ਸ਼ਾਦੀ ਇਕ ਸਿੱਖ ਪ੍ਰਵਾਰ ਦੀ ਲੜਕੀ ਨਾਲ ਹੋ ਗਈ ਜਿਸ ਨਾਲ ਆਪ ਜੀ ਨੂੰ ਗੁਰਸਿੱਖੀ ਦੀ ਲਗਨ ਲੱਗ ਗਈ। ਆਪ ਜਦੋਂ ਮੁਲਤਾਨ ਤੋਂ ਗੁਰੂ ਘਰ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਲਈ ਆਏ ਤਾਂ ਆਪ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਸੁਣ ਕੇ ਆਨੰਦਪੁਰ ਸਾਹਿਬ ਪਹੁੰਚ ਗਏ।

ਆਨੰਦਪੁਰ ਸਾਹਿਬ ਰਹਿੰਦੇ ਆਪ ਸੰਗਤਾਂ ਦੀ ਸੇਵਾ ਤੇ ਖ਼ਾਸ ਕਰ ਕੇ ਲੰਗਰਾਂ ਦੀ ਸੇਵਾ ਵਿਚ ਜੁਟ ਗਏ ਅਤੇ ਇਸ ਦੇ ਨਾਲ ਹੀ ਆਪ ਜੀ ਲਿਖਣ ਦਾ ਕੰਮ ਵੀ ਕਰਦੇ ਰਹਿੰਦੇ। ਇਕ ਵਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਰਾਤ ਨੂੰ ਲੰਗਰਾਂ ਦੀ ਪ੍ਰੀਖਿਆ ਕੀਤੀ ਤਾਂ ਉਨ੍ਹਾਂ ਦਸਿਆ ਸੀ ਕਿ ਕੇਵਲ ਨੰਦ ਲਾਲ ਜੀ ਦਾ ਲੰਗਰ ਸਫ਼ਲ ਹੋਇਆ ਹੈ ਕਿਉਂਕਿ ਉਨ੍ਹਾਂ ਪਾਸ ਹਰ ਸਮੇਂ ਪ੍ਰਸ਼ਾਦਾ ਮਿਲ ਸਕਦਾ ਹੈ। ਗੁਰੂ ਜੀ ਨੇ ਕਿਹਾ ਸੀ ਕਿ ਸਾਨੂੰ ਉਹੀ ਸਿੱਖ ਪਿਆਰਾ ਹੈ ਜਿਹੜਾ ਕਿਸੇ ਨੂੰ ਭੁੱਖਾ ਨਹੀਂ ਦੇਖ ਸਕਦਾ। ਇਸ ਤਰ੍ਹਾਂ ਭਾਈ ਨੰਦ ਲਾਲ ਜੀ ਗੁਰੂ ਜੀ ਦੇ ਨਜ਼ਦੀਕੀ ਪਿਆਰੇ ਸਿੱਖ ਬਣ ਗਏ। ਆਨੰਦਪੁਰ ਸਾਹਿਬ ਰਹਿੰਦਿਆਂ ਹੀ ਭਾਈ ਸਾਹਿਬ ਨੇ ਫ਼ਾਰਸੀ ਵਿਚ ਇਕ ਪੁਸਤਕ ਲਿਖੀ ਜਿਸ ਦਾ ਨਾਂ ‘ਬੰਦਗੀ ਨਾਮਹ’ ਰਖਿਆ ਅਤੇ ਉਨ੍ਹਾਂ ਇਹ ਪੁਸਤਕ ਗੁਰੂ ਜੀ ਨੂੰ ਭੇਂਟ ਕੀਤੀ। ਗੁਰੂ ਜੀ ਬੜੇ ਖ਼ੁਸ਼ ਹੋਏ ਅਤੇ ਕਿਹਾ ਇਸ ਪੁਸਤਕ ਦਾ ਨਾਂ ‘ਜ਼ਿੰਦਗੀ ਨਾਮਹਾ’ ਹੈ ਅਤੇ ਜੋ ਵਿਅਕਤੀ ਇਸ ਨੂੰ ਪੜ੍ਹੇਗਾ ਅਤੇ ਸੁਣੇਗਾ ਉਸ ਦਾ ਜੀਵਨ ਸਫ਼ਲ ਹੋ ਜਾਵੇਗਾ।

ਕੁੱਝ ਸਮੇਂ ਬਾਅਦ ਭਾਈ ਨੰਦ ਲਾਲ ਜੀ ਅਪਣੀਆਂ ਅਰਬੀ, ਫ਼ਾਰਸੀ ਅਤੇ ਹਿਸਾਬ ਦੀਆਂ ਕਿਤਾਬਾਂ ਦੇ ਵਿਦਵਾਨ ਹੋਣ ਕਰ ਕੇ ਸੰਨ 1683 ਈ. ਵਿਚ ਬਹਾਦਰ ਸ਼ਾਹ ਕੋਲ ਮੀਰ ਮੁਨਸ਼ੀ ਜਾ ਲੱਗੇ ਪਰ ਔਰੰਗਜ਼ੇਬ ਨੇ ਸੋਚਿਆ ਕਿ ਅਜਿਹਾ ਵਿਦਵਾਨ ਹਿੰਦੂ ਧਰਮ ਵਿਚ ਨਹੀਂ ਰਹਿਣਾ ਚਾਹੀਦਾ ਤੇ ਇਸ ਨੂੰ ਮੁਸਲਮਾਨ ਬਣਾਉਣਾ ਚਾਹੀਦਾ ਹੈ। ਜਦੋਂ ਇਸ ਗੱਲ ਦਾ ਬਹਾਦਰ ਸ਼ਾਹ ਨੂੰ ਪਤਾ ਲੱਗਾ ਤਾਂ ਉਸ ਨੇ ਭਾਈ ਜੀ ਨੂੰ ਦੱਸ ਦਿਤਾ ਤਾਂ ਨੰਦ ਲਾਲ ਜੀ ਬਹਾਦਰ ਸ਼ਾਹ ਤੋਂ ਆਗਿਆ

ਲੈ ਕੇ ਸੰਨ 1687 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਸਾਹਿਬ ਆ ਗਏ। ਸ੍ਰੀ ਨੰਦ ਲਾਲ ਜੀ ਏਨੇ ਬੁਧੀਵਾਨ ਸਨ ਕਿ ਇਕ ਵਾਰ ਆਗਰੇ ਔਰੰਗਜ਼ੇਬ ਦੇ ਦਰਬਾਰ ਵਿਚ ਕੁਰਾਨ ਸ਼ਰੀਫ਼ ਦੀ ਇਕ ਆਇਤ ਦੇ ਅਰਥਾਂ ਬਾਰੇ ਜਦੋਂ ਵਿਚਾਰ ਚਲ ਰਹੀ ਸੀ ਤਾਂ ਕਈ ਕਾਜ਼ੀ ਵੀ ਉਸ ਦਾ ਅਰਥ ਨਾ ਸਮਝਾ ਸਕੇ ਤਾਂ ਭਾਈ ਨੰਦ ਲਾਲ ਜੀ ਨੇ ਇਸ ਦਾ ਅਰਥ ਸਮਝਾਇਆ ਜਿਸ ਤੋਂ ਖ਼ੁਸ਼ ਹੋ ਕੇ ਨੰਦ ਲਾਲ ਜੀ ਨੂੰ ਪੰਜ ਸੌ ਰੁਪਏ ਇਨਾਮ ਦਿਤਾ ਗਿਆ। ਇਸੇ ਲਈ ਔਰੰਗਜ਼ੇਬ ਨੰਦ ਲਾਲ ਜੀ ਨੂੰ ਮੁਸਲਮਾਨ ਬਣਾਉਣ ਲਈ ਬਜ਼ਿੱਦ ਹੋ ਗਿਆ ਸੀ।

ਮਈ 1704 ਈ. ਨੂੰ ਜਦੋਂ ਸ਼ਾਹੀ ਫ਼ੌਜਾਂ ਨੇ ਪਹਾੜੀ ਰਾਜਿਆਂ ਨਾਲ ਮਿਲ ਕੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਤਾਂ ਗੁਰੂ ਜੀ ਨੇ ਨੰਦ ਲਾਲ ਜੀ ਸਮੇਤ ਬਹੁਤ ਸਾਰੇ ਹਜ਼ੂਰੀ ਕਵੀਆਂ ਨੂੰ ਵੀ ਵਿਦਾ ਕਰ ਦਿਤਾ। ਇਸ ਤਰ੍ਹਾਂ 71 ਸਾਲ ਦੀ ਉਮਰ 'ਚ ਨੰਦ ਲਾਲ ਜੀ ਮੁੜ ਮੁਲਤਾਨ ਚਲੇ ਗਏ ਤੇ ਉੱਥੇ ਹੀ 72 ਸਾਲ ਦੀ ਉਮਰ ਵਿਚ ਸੰਨ 1705 ਈ. 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਭਾਈ ਨੰਦ ਲਾਲ ਜੀ ਨੇ ਗੁਰੂ ਘਰ ਦੀ ਮਹਿਮਾ, ਪ੍ਰਮਾਤਮਾ ਦੀ ਉਸਤਤ ਅਤੇ ਗੁਰਮਤਿ ਵਾਰੇ ਅਰਬੀ-ਫ਼ਾਰਸੀ ਵਿਚ ਕਈ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚ (1) ਦੀਵਾਨਿ ਗੋਇਆ (2) ਜ਼ਿੰਦਗੀਨਾਮਾ (3) ਗੰਜਨਾਮਾ (4) ਜੋਤ ਬਿਕਾਸ ਫ਼ਾਰਸੀ (5) ਅਰਜ਼ੁਲ ਅਲਫ਼ਾਜ਼ (6) ਤੌਸੀਫ਼ੇ-ਸਨਾ (7) ਖ਼ਾਤਮਾ (8) ਇਨਸ਼ਾ ਦਸਤੂਰ (9) ਮਜਮੂਆ ਅਨਵਾਰ ਅਤੇ (10) ਦਸਤੂਰ-ਉਲ-ਨਿਸ਼ਾ ਸ਼ਾਮਲ ਹਨ। ਨੰਦ ਲਾਲ ਜੀ ਦੇ ਦੋ ਸਪੁੱਤਰ ਦੀਵਾਨ ਲੱਖਪਤ ਰਾਇ ਤੇ ਦੀਵਾਨ ਲੀਲਾ ਰਾਮ ਹੋਏ ਹਨ। ਲੀਲਾ ਰਾਮ ਦੇ ਪੁੱਤਰ ਨੈਧ ਰਾਮ, ਉਸ ਦੇ ਪੁੱਤਰ ਪਰਮ ਰਾਮ ਅਤੇ ਫਿਰ ਪਰਸ ਰਾਮ ਦੇ ਪੁੱਤਰ ਕਰਮ ਚੰਦ ਅਤੇ ਨੇਮਰਾਜ ਦਾ ਵੰਸ਼ ਅੱਗੇ ਚਲਦਾ ਰਿਹਾ।

2. ਸਿੱਖ ਧਰਮ (ਅ)– ਭਾਈ ਸੰਤੋਖ ਸਿੰਘ, ਰਤਨ ਸਿੰਘ ਭੰਗੂ

ਭਾਈ ਸੰਤੋਖ ਸਿੰਘ

ਸਿੱਖ ਇਤਿਹਾਸ (Sikh History) ਦਾ ਆਰੰਭ ਗੁਰੂ ਨਾਨਕ ਦੇਵ ਜੀ (Guru Nanak Dev Ji) ਦੇ ਅਵਤਾਰ ਧਾਰਨ ਨਾਲ ਹੁੰਦਾ ਹੈ, ਪਰ ਸਿੱਖ ਇਤਿਹਾਸਕਾਰੀ ਏਨੀ ਪੁਰਾਣੀ ਨਹੀਂ ਅਤੇ ਭਾਈ ਸੰਤੋਖ ਸਿੰਘ ਤੋਂ ਪਹਿਲਾਂ ਕਈ ਇਤਿਹਾਸਕ ਗ੍ਰੰਥ ਮਿਲ ਜਾਂਦੇ ਹਨ, ਜਿਨ੍ਹਾਂ ਵਿਚ ਇਤਿਹਾਸ ਦਾ ਪਰਛਾਵਾਂ ਤਾਂ ਹੈ, ਪਰ ਇਹ ਸ਼ੁੱਧ ਇਤਿਹਾਸਕ ਗ੍ਰੰਥ ਨਹੀਂ, ਕਿਉਂਕਿ ਇਨ੍ਹਾਂ ਵਿਚ ਕਵਿਤਾ, ਇਤਿਹਾਸ, ਮਿਥਿਹਾਸ, ਦਰਸ਼ਨ ਅਤੇ ਸ਼ੁਧ ਸ਼ਰਧਾ ਦਾ ਮਿਲਗੋਭਾ ਹੈ।

ਸਿੱਖ ਇਤਿਹਾਸ (Sikh History) ਦਾ ਆਰੰਭ ਗੁਰੂ ਨਾਨਕ ਦੇਵ ਜੀ (Guru Nanak Dev Ji) ਦੇ ਅਵਤਾਰ ਧਾਰਨ ਨਾਲ ਹੁੰਦਾ ਹੈ, ਪਰ ਸਿੱਖ ਇਤਿਹਾਸਕਾਰੀ ਏਨੀ ਪੁਰਾਣੀ ਨਹੀਂ ਅਤੇ ਭਾਈ ਸੰਤੋਖ ਸਿੰਘ ਤੋਂ ਪਹਿਲਾਂ ਕਈ ਇਤਿਹਾਸਕ ਗ੍ਰੰਥ ਮਿਲ ਜਾਂਦੇ ਹਨ, ਜਿਨ੍ਹਾਂ ਵਿਚ ਇਤਿਹਾਸ ਦਾ ਪਰਛਾਵਾਂ ਤਾਂ ਹੈ, ਪਰ ਇਹ ਸ਼ੁੱਧ ਇਤਿਹਾਸਕ ਗ੍ਰੰਥ ਨਹੀਂ, ਕਿਉਂਕਿ ਇਨ੍ਹਾਂ ਵਿਚ ਕਵਿਤਾ, ਇਤਿਹਾਸ, ਮਿਥਿਹਾਸ, ਦਰਸ਼ਨ ਅਤੇ ਸ਼ੁਧ ਸ਼ਰਧਾ ਦਾ ਮਿਲਗੋਭਾ ਹੈ। ਵਧੇਰੇ ਕਾਰਨ ਇਹ ਹੈ ਕਿ ਇਨ੍ਹਾਂ ਗ੍ਰੰਥਾਂ ਦੇ ਰਚਨਹਾਰੇ ਬੁਨਿਆਦੀ ਤੌਰ ਤੇ ਕਵੀ ਸਨ, ਇਤਿਹਾਸਕਾਰ ਘੱਟ ਸਨ। ਭਾਈ ਸੰਤੋਖ ਸਿੰਘ (Bhai Santokh Singh) ਨੂੰ ਭਾਈ ਗੁਰਦਾਸ ਦੀਆਂ ਵਾਰਾਂ, ਗੁਰਬਿਲਾਸ, ਜਨਮਸਾਖੀਆਂ, ਰਹਿਤਨਾਮੇ ਅਤੇ ਹੁਕਮਨਾਮੇ ਵਿਰਾਸਤ ਵਿਚ ਮਿਲੇ ਸਨ ਅਤੇ ਭਾਈ ਜੀ ਦੀ ਇਤਿਹਾਸਕਾਰੀ ਨੂੰ ਇਸੇ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਜਾਣਾ ਚਾਹੀਦਾ ਹੈ। ਭਾਈ ਸੰਤੋਖ ਸਿੰਘ ਦੀਆਂ ਕੁੱਲ ਰਚਨਾਵਾਂ ਦੀ ਗਿਣਤੀ 10 ਦੇ ਕਰੀਬ ਹੈ, ਪਰ ਇਸ ਦੀ ਪ੍ਰਸਿੱਧੀ ਦਾ ਕਾਰਨ ਉਨ੍ਹਾਂ ਦੇ ਦੋ ਵੱਡ ਅਕਾਰੀ ਗ੍ਰੰਥ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਹਨ।

ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਵਾਰਧ ਅਤੇ ਉਤਰਾਰਧਦੇ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਹ ਸਿੱਖ ਸਮਾਜ ਵਲੋਂ ਬਹੁਤ ਪਸੰਦ ਕੀਤਾ ਗਿਆ , ਜਿਸ ਤੋਂ ਉਤਸ਼ਾਹਿਤ ਹੋ ਕੇ ਭਾਈ ਜੀ ਨੇ ਦੂਜਾ ਵੱਡਾ ਗ੍ਰੰਥ ਗੁਰੂ ਪ੍ਰਤਾਪ ਸੂਰਜ ਗ੍ਰੰਥ ਲਿਖਿਆ, ਜਿਸ ਵਿਚ ਨੌ ਗੁ◌ੁਰੂ ਸਾਹਿਬਾਨ ਦਾ ਜੀਵਨ ਬਿਰਤਾਂਤ ਕਲਮਬੰਧ ਕੀਤਾ ਗਿਆ ਹੈ। ਇਨ੍ਹਾਂ ਗ੍ਰੰਥਾਂ ਦੀ ਕਥਾ ਹੀ ਅੱਜ ਤੱਕ ਗੁਰਦੁਆਰਿਆਂ ਵਿਚ ਇਨ੍ਹਾਂ ਨੂੰ ਪ੍ਰਮਾਣਿਕ ਮੰਨ ਕੇ ਕੀਤੀ ਜਾ ਰਹੀ ਹੈ। ਇਸ ਗ੍ਰੰਥ ਦਾ ਰਚਨਾ ਕਾਲ 1834 ਈਸਵੀਂ ਅਰਥਾਤ 1900 ਬਿਕਰਮੀ ਹੈ ਅਤੇ ਇਹ ਪਹਿਲੀ ਵਾਰ 1926 ਵਿਚ ਆਰੰਭ ਕਰਕੇ 1934 ਈਸਵੀਂ ਤੱਕ ਭਾਈ ਵੀਰ ਸਿੰਘ ਵਲੋਂ ਸੰਪਾਦਿਤ ਕਰਕੇ ਛਾਪਿਆ ਗਿਆ। ਭਾਈ ਸੰਤੋਖ ਸਿੰਘ ਸਾਹਮਣੇ ਇਤਿਹਾਸ ਲੇਖਨ ਦਾ ਬੜਾ ਸਪਸ਼ਟ ਸੰਕਲਪ ਸੀ। ਇਤਿਹਾਸਕ ਲੇਖਨ ਦਾ ਇਕ ਵੱਡਾ ਸਿਧਾਂਤ ਹੈ ਕਿ ਕਿਸੇ ਵੀ ਵਿਸ਼ੇ ਬਾਰੇ ਉਸ ਵੇਲੇ ਤੱਕ ਲਿਖੇ ਗਏ ਸਰੋਤ ਗ੍ਰੰਥ ਇਕੱਠੇ ਕੀਤੇ ਜਾਣ ਅਤੇ ਫਿਰ ਉਨ੍ਹਾਂ ਦਾ ਬਰੀਕੀ ਨਾਲ ਅਧਿਐਨ ਕਰਕੇ ਕੁਝ ਨਤੀਜੇ ਕੱਢੇ ਜਾਣ। ਭਾਈ ਸੰਤੋਖ

ਸਿੰਘ ਨੇ ਇਸੇ ਸਿਧਾਂਤ ਨੂੰ ਮੁੱਖ ਰੱਖਿਆ। ਭਾਈ ਸੰਤੋਖ ਸਿੰਘ ਨੇ ਇਹ ਸਾਰੀ ਸਮੱਗਰੀ ਕੈਥਲ ਦੇ ਅਜੈ ਸਿੰਘ ਦੇ ਰਸੂਖ ਨਾਲ ਇਕੱਤਰ ਕੀਤੀ ਜਾਂ ਕਰਵਾਈ ਅਤੇ ਕੁਝ ਆਪ ਫਿਰ ਤੁਰ ਕੇ ਆਪਣੇ ਯਤਨਾਂ ਨਾਲ ਇਕੱਠੀ ਕੀਤੀ। ਇਨ੍ਹਾਂ ਤੋਂ ਬਿਨਾਂ ਉਨ੍ਹਾਂ ਦੇ ਇਤਿਹਾਸ ਲੇਖਣ ਦਾ ਦੂਜਾ ਵੱਡਾ ਸਰੋਤ ਮੌਖਿਕ ਇਤਿਹਾਸ ਪੁਣਛਾਣ ਕਰਕੇ ਚੁਕਵੇਂ ਥਾਂ ਉਸ ਦੀ ਵਰਤੋਂ ਹੈ। ਤਸਦੀਕ ਜਾਂ ਤੱਥਾਂ ਦੀ ਪੁਸ਼ਟੀ ਲਈ ਭਾਈ ਜੀ ਨੇ ਕਈ ਥਾਵਾਂ ਦੀ ਆਪ ਯਾਤਰਾ ਵੀ ਕੀਤੀ। ਕੁਝ ਲੋਕ ਇਹ ਇਤਰਾਜ਼ ਕਰਦੇ ਹਨ ਕਿ ਭਾਈ ਸੰਤੋਖ ਸਿੰਘ ਨੇ ਆਪਣਾ ਇਤਿਹਾਸ ਲਿਖਣ ਲਈ ਫਾਰਸੀ ਵਿਚ ਲਿਖੇ ਅਹਿਮ ਸਰੋਤਾਂ ਤੱਕ ਪਹੁੰਚ ਨਹੀਂ ਕੀਤੀ। ਪਰ ਜੇ ਉਹ ਇਸ ਪਾਸੇ ਤੁਰ ਪੈਂਦੇ ਤਾਂ ਇਹ ਕੰਮ ਸ਼ਾਇਦ ਹੀ ਸਿਰੇ ਚੜ੍ਹਦਾ। ਫਾਰਸੀ ਗ੍ਰੰਥਕਾਰਾਂ ਦੇ ਧਾਰਮਿਕ ਤੁਅੱਸਬਾਤ ਅਤੇ ਹੋਰ ਕਈ ਕਾਰਨਾਂ ਕਰਕੇ ਸਭ ਕੁਝ ਉਲਝ ਜਾਣਾ ਸੀ।

ਭਾਈ ਸੰਤੋਖ ਸਿੰਘ ਜੀ ਇਤਿਹਾਸਕਾਰੀ ਦੀ ਦੂਜੀ ਵੱਡੀ ਖੂਬੀ ਇਸ ਦਾ ਵਿਸਥਾਰ ਹੈ। ਉਨ੍ਹਾਂ ਤੋਂ ਪਹਿਲਾਂ ਇਤਿਹਾਸ ਦੇ ਨਾਂ ਉਪਰ ਗੁਰੂ ਨਾਨਕ ਦੇਵ ਜੀ ਬਾਰੇ ਜਨਮਸਾਖੀਆਂ ਭਾਈ ਗੁਰਦਾਸ ਦੀ ਪਹਿਲੀ ਵਾਰ ਹੀ ਸੀ। ਦਸਵੀਂ ਪਾਤਸ਼ਾਹੀ ਬਾਰੇ ਗੁਰ ਸੋਭਾ ਅਤੇ ਗੁਰਇਕਬਾਲ ਸਨ। ਬਾਕੀ ਅੱਠ ਗੁਰੂ ਸਾਹਿਬਾਨ ਬਾਰੇ ਇਤਿਹਾਸਕ ਸਮੱਗਰੀ ਦਾ ਲਗਪਗ ਪ੍ਰਭਾਵ ਹੀ ਸੀ। ਉਨ੍ਹਾਂ ਨੇ ਬੜੀ ਮਿਹਨਤ ਨਾਲ ਕੇਵਲ ਸਮੱਗਰੀ ਇਕੱਤਰ ਹੀ ਨਹੀਂ ਕੀਤੀ, ਸਗੋਂ ਉਸ ਨੂੰ ਉਸ ਦੇ ਕਾਰਜਕ੍ਰਮ ਵਿਚ ਬੰਨ੍ਹ ਕੇ ਹਰੇਕ ਗੁਰੂ ਸਾਹਿਬ ਦਾ ਇਤਿਹਾਸ ਵੀ ਲਿਖਿਆ। ਇਹ ਕਹਿਣਾ ਅਤਿਕਥਨੀ ਨਹੀਂ ਕਿ ਭਾਈ ਸੰਤੋਖ ਸਿੰਘ ਦੁਆਰਾ ਮੁਹੱਈਆ ਕਰਵਾਈ ਗਈ ਸਮੱਗਰੀ ਹੀ ਅਗਲੇਰੀ ਖੋਜ ਦਾ ਆਧਾਰ ਬਣੀ। ਭਾਈ ਸੰਤੋਖ ਸਿੰਘ ਦੀ ਇਤਿਹਾਸਕਾਰੀ ਦਾ ਅਸਲੀ ਗੁਣ ਇਨ੍ਹਾਂ ਗ੍ਰੰਥਾਂ ਵਿਚਲੇ ਤੱਥ ਹਨ। ਇਨ੍ਹਾਂ ਤੱਥਾਂ ਨਾਲ ਅੱਜ ਦੇ ਇਤਿਹਾਸਕਾਰਾਂ ਨੂੰ ਮੱਤਭੇਦ ਹੋ ਸਕਦਾ ਹੈ, ਪਰ ਇਨ੍ਹਾਂ ਦੀ ਸਾਰਥਕਤਾ ਜਾਂ ਅਹਿਮੀਅਤ ਤੋਂ ਇਨਕਾਰ ਨਹੀਂ ਹੋ ਸਕਦਾ। ਭਾਈ ਕਾਹਨ ਸਿੰਘ ਨਾਭਾ, ਭਾਈ ਵੀਰ ਸਿੰਘ, ਸੋਢੀ ਤੇਜ਼ਾ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਹੋਰ ਕਈ ਲੇਖਕਾਂ ਅਤੇ ਇਤਿਹਾਸਕਾਰਾਂ ਨੇ ਆਪਣੀ ਖੋਜ ਦਾ ਆਧਾਰ ਭਾਈ ਸੰਤੋਖ ਸਿੰਘ ਦੇ ਗ੍ਰੰਥਾਂ ਨੂੰ ਹੀ ਬਣਾਇਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਦੇ ਗ੍ਰੰਥਾਂ ਦੇ ਹਵਾਲੇ ਸਾਡੇ ਮੱਤ ਦੀ ਪੁਸ਼ਟੀ ਕਰਦੇ ਹਨ। ਹਵਾਲਿਆ ਦਾ ਇਹ ਸਿਲਸਿਲਾ ਕੇਵਲ ਮਹਾਨ ਕੋਸ਼ ਤੱਕ ਹੀ ਸੀਮਤ ਨਹੀਂ ਸਗੋਂ ਭਾਈ ਕਾਨ੍ਹ ਸਿੰਘ ਦੇ ਦੂਜੇ ਗ੍ਰੰਥਾਂ ਤੱਕ ਫੈਲਿਆ ਹੋਇਆ ਹੈ। ਭਾਈ ਵੀਰ ਸਿੰਘ ਦੇ ਤਿੰਨ ਚਮਤਕਾਰ ਪ੍ਰਸਿੱਧ ਹਨ। ਗੁਰੂ ਨਾਨਕ ਚਮਤਕਾਰ, ਅਸ਼ਟ ਗੁਰੂ ਚਮਤਕਾਰ ਅਤੇ ਸ੍ਰੀ ਕਲਗੀਧਰ ਚਮਤਕਾਰ ਇਹ ਸਾਰੇ ਚਮਤਕਾਰ ਭਾਈ ਸੰਤੋਖ ਸਿੰਘ ਦੇ ਗ੍ਰੰਥਾਂ ਉੱਪਰ ਅਧਾਰਿਤ ਹਨ। ਇਸੇ ਤਰ੍ਹਾਂ ਸੋਢੀ ਤੇਜਾ ਸਿੰਘ ਦੀ ਪੁਸਤਕ ਵਚਿੱਤਰ ਜੀਵਨ ਦਸਾਂ ਪਾਤਸ਼ਾਹੀਆਂ ਕਾ (ਸੂਰਜ ਪ੍ਰਕਾਸ਼ 1972) ਦੇ

ਅਧਾਰ ਗ੍ਰੰਥ ਭਾਈ ਸੰਤੋਖ ਸਿੰਘ ਵਾਲੇ ਗ੍ਰੰਥ ਹੀ ਹਨ। ਸੰਖੇਪ ਵਿਚ ਜੋ ਭਾਈ ਸੰਤੋਖ ਸਿੰਘ ਦੀ ਇਤਿਹਾਸਕਾਰੀ ਬਾਰੇ ਨਿਰਣਾ ਦੇਣਾ ਹੋਵੇ ਤਾਂ ਭਾਈ ਸਾਹਿਬ ਦੇ ਇਨ੍ਹਾਂ ਸ਼ਬਦਾਂ ਰਾਹੀਂ ਦਿੱਤਾ ਜਾ ਸਕਦਾ ਹੈ। ਭਾਈ ਸੰਤੋਖ ਸਿੰਘ ਦੇ ਗ੍ਰੰਥਾਂ ਵਿਚ ਬ੍ਰਾਹਮਣਵਾਦ, ਅਵਤਾਰਵਾਦ, ਵੇਦਾਂਤ, ਯੋਗ ਅਤੇ ਮਿਥਿਹਾਸ ਦਾ ਅਸਰ ਬਹੁਤ ਹੈ, ਇਸ ਗੱਲ ਨੂੰ ਭਾਈ ਜੀ ਦਾ ਦੋਸ਼ ਮੰਨਿਆ ਜਾਂਦਾ ਹੈ। ਅਜਿਹੇ ਪ੍ਰਭਾਵ ਦਾ ਉੱਤਰ ਸਾਨੂੰ ਭਾਈ ਸੰਤੋਖ ਸਿੰਘ ਦੇ ਤਤਕਾਲੀ ਵਾਤਾਵਰਨ ਵਿੱਚੋਂ ਹੀ ਮਿਲ ਜਾਂਦਾ ਹੈ। ਉਨ੍ਹਾਂ ਦਾ ਤਤਕਾਲ ਸਿੱਖ ਸ਼ਕਤੀ ਦੇ ਉਭਾਰ ਦਾ ਸਮਾਂ ਹੈ, ਜਿਸ ਵਿਚ ਰਾਜਿਆਂ, ਮਹਾਰਾਜਿਆਂ ਅਤੇ ਵਜ਼ੀਰਾਂ ਨੇ ਆਪੋ-ਆਪਣਾ ਰਾਜ ਭਾਗ ਚਲਾਉਣ ਲਈ ਕਈ ਤਰ੍ਹਾਂ ਦੇ ਸਮਝੌਤੇ ਕਰ ਰੱਖੇ ਸਨ, ਜਿਸ ਕਰਕੇ ਕੁਲੀਨ ਵਰਗ ਵਿਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਚੁੱਕੇ ਸਨ। ਕੈਥਲ ਦੇ ਰਾਜ ਦਰਬਾਰ ਵਲੋਂ ਭਾਈ ਸੰਤੋਖ ਸਿੰਘ ਨੂੰ ਕਈ ਸਹਾਇਕ ਮਿਲੇ ਹੋਏ ਸਨ। ਜਿਨ੍ਹਾਂ ਵਿੱਚੋਂ ਕੁਝ ਦਰਬਾਰੀ ਪੰਡਿਤ ਵੀ ਸਨ। ਗੁਰੂ ਸਾਹਿਬਾਨ ਨੂੰ ਅਵਤਾਰਾਂ ਵਜੋਂ ਪੇਸ਼ ਕਰਨ ਦਾ ਮਨੋਬਲ ਉਨ੍ਹਾਂ ਦੀ ਹਿੰਦੂ ਸਮਾਜ ਵਿਚ ਮਾਨਤਾ ਦੁਆਉਣਾ ਵੀ ਹੋ ਸਕਦਾ ਹੈ। ਭਾਈ ਸੰਤੋਖ ਸਿੰਘ ਬਾਰੇ ਇਹ ਵੀ ਕਿਤੇ ਲਿਖਿਆ ਨਹੀਂ ਮਿਲਦਾ ਕਿ ਉਹ ਅਵਤਾਰਵਾਦ ਵਿਚ ਵਿਸ਼ਵਾਸ ਰੱਖਦੇ ਸਨ ਜਾਂ ਦੇਵੀਪੂਜਕ ਸਨ। ਸਾਡਾ ਸੰਕਟ ਇਸ ਵੇਲੇ ਇਹ ਹੈ ਕਿ ਅਸੀ ਉਨੀਵੀਂ ਸਦੀ ਦੇ ਵਿਸ਼ਵਾਸਾਂ, ਧਰਮ ਅਤੇ ਮਾਨਸਿਕਤਾ ਨੂੰ ਇਕੀਵੀਂ ਸਦੀ ਦੇ ਔਜਾਰਾਂ ਜਾਂ ਮਾਨਤਾਵਾਂ ਰਾਹੀਂ ਪਰਖਣਾ ਚਾਹੁੰਦੇ ਹਾਂ। ਅਸੀਂ ਇਹ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਰ ਲੇਖਕ ਆਪੋ-ਆਪਣੇ ਯੁੱਗ ਦੀ ਪੈਦਾਵਾਰ ਹੁੰਦਾ ਹੈ ਅਤੇ ਯੁੱਗ ਦੇ ਹਰ ਤਰ੍ਹਾਂ ਦੇ ਝਲਕਾਰੇ ਉਸਦੀ ਰਚਨਾ ਵਿਚੋਂ ਅਵੱਸ਼ ਹੀ ਮਿਲ ਜਾਂਦੇ ਹਨ। ਭਾਈ ਸੰਤੋਖ ਸਿੰਘ ਦੀ ਇਤਿਹਾਸਕਾਰੀ (Historiography of Bhai Santokh Singh) ਵਿਚ ਜਿਹੜੀਆਂ ਕਥਿਤ ਤਰੁੱਟੀਆਂ ਜਾਂ ਦੋਸ਼ ਸਮਝੇ ਜਾਂਦੇ ਹਨ, ਉਹ ਸਾਰੇ ਦੇ ਸਾਰੇ ਉਨ੍ਹਾਂ ਦੇ ਖਾਤੇ ਵਿਚ ਨਹੀਂ ਪਾਏ ਜਾ ਸਕਦੇ। ਸਮੇਂ ਦੀ ਸੋਚ, ਸੰਵੇਦਨਾ ਅਤੇ ਮਾਨਸਿਕਤਾ, ਆਪਣੀ ਥਾਂ ਹੈ, ਜਿਸ ਨੂੰ ਪਛਾਨਣ ਦੀ ਅੱਜ ਦੇ ਇਤਿਹਾਸਕਾਰਾਂ ਨੂੰ ਲੋੜ ਹੈ।

ਰਤਨ ਸਿੰਘ ਭੰਗੂ

-ਡਾ.ਰਤਨ ਸਿੰਘ ਜੱਗੀ

ਪ੍ਰਸਿੱਧ ਨਿਰਮਲਾ ਵਿਦਵਾਨ **ਗਿਆਨੀ ਗਿਆਨ ਸਿੰਘ** ਦੁਆਰਾ **ਰਚੇ** ਇਸ **ਗ੍ਰੰਥ** ਦਾ **ਮੂਲ** ਨਾਂ '**ਸ੍ਰੀ ਗੁਰੂ ਪੰਥ ਪ੍ਰਕਾਸ਼**' ਹੈ, **ਪਰ ਆਮ** ਪ੍ਰਚਲਿਤ ਨਾਂ 'ਪੰਥ ਪ੍ਰਕਾਸ਼' ਹੀ ਹੈ। ਇਸ ਗ੍ਰੰਥ ਦੀ ਰਚਨਾ-ਪ੍ਰੇਰਣਾ ਗਿਆਨੀ ਜੀ ਨੂੰ ਆਪਣੇ ਸੰਪ੍ਰਦਾਈ **ਗੁਰੂ** ਪੰਡਿਤ **ਤਾਰਾ ਸਿੰਘ** ਨਰੋਤਮ ਤੋਂ ਪ੍ਰਾਪਤ ਹੋਈ **ਸੀ। ਸਭ ਤੋਂ ਪਹਿਲਾਂ ਸੰਨ** 1880 ਈ. ਵਿਚ ਇਸ ਦਾ ਪ੍ਰਕਾਸ਼ਨ **ਦਿੱਲੀ** ਤੋਂ ਹੋਇਆ। ਉਦੋਂ ਇਸ ਵਿਚ **ਕੁਲ** 65 ਬਿਸਰਾਮ (ਅਧਿਆਇ) ਸਨ **ਅਤੇ** ਇਸ ਦੇ ਬ੍ਰਿੱਤਾਂਤ ਦਾ ਵਿਸਤਾਰ ਗੁਰੂ ਸਾਹਿਬਾਨਾਂ ਤੋਂ **ਸਿੱਖ ਮਿਸਲਾਂ ਤਕ** ਸੀ। ਪਰ ਇਸ ਦਾ ਸੋਧਿਆ ਅਤੇ ਵਿਸਤਾਰਿਆ ਹੋਇਆ ਸੰਸਕਰਣ ਸੰਨ 1889 ਈ. ਵਿਚ ਮਤਬਾ ਆਫ਼ਤਾਬ (ਪ੍ਰੈਸ) ਤੋਂ **ਲਾਹੌਰ** ਵਿਚ ਛਪਿਆ। ਇਸ ਦਾ **ਚੌਥਾ** ਲਿਥੋ ਸੰਸਕਰਣ ਸੰਨ 1898 ਈ. ਵਿਚ **ਭਾਈ** ਕਾਕਾ ਸਿੰਘ ਸਾਧੂ **ਅੰਮ੍ਰਿਤਸਰ ਵਾਲੇ** ਨੇ ਛਾਪਿਆ। ਇਸ ਵਿਚ 115 ਅਧਿਆਇ ਸਨ। **ਹੁਣ** ਇਸੇ ਸੰਸਕਰਣ ਨੂੰ ਹੀ ਬਾਰ ਬਾਰ ਛਾਪਿਆ ਜਾ ਰਿਹਾ ਹੈ। ਇਕ ਸੰਸਕਰਣ ਸਾਬਕਾ **ਜੱਥੇਦਾਰ ਅਕਾਲ ਤਖ਼ਤ** ਸਿੰਘ ਸਾਹਿਬ ਗਿਆਨੀ **ਕਿਰਪਾਲ ਸਿੰਘ** ਨੇ **ਬੜੀ ਮਿਹਨਤ ਨਾਲ** ਸੰਪਾਦਿਤ ਕਰਕੇ ਵੀ ਛਾਪਆ ਹੈ।

ਇਸ ਗ੍ਰੰਥ ਵਿਚ **ਗੁਰੂ ਨਾਨਕ ਦੇਵ** ਜੀ ਤੋਂ **ਲੈ** ਕੇ ਮਹਾਰਾਜਾ ਦਲੀਪ ਸਿੰਘ ਦੇ ਦੇਹਾਂਤ ਤਕ ਦੇ ਸਿੱਖ **ਇਤਿਹਾਸ** ਉਤੇ ਝਾਤ **ਪਾਈ ਗਈ** ਹੈ। ਇਸ ਦੇ ਆਖੀਰਲੇ ਤਿੰਨ ਅਧਿਆਵਾਂ ਵਿਚ ਕਵੀ ਨੇ **ਸਿੱਖ ਸੰਪ੍ਰਦਾਵਾਂ** ਅਤੇ ਉਪ- ਸੰਪ੍ਰਦਾਵਾਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਸਮਕਾਲੀ **ਸਮਾਜਿਕ** ਅਤੇ ਧਾਰਮਿਕ **ਸਥਿਤੀ** ਬਾਰੇ ਆਪਣੇ **ਪ੍ਰਭਾਵ ਸਾਂਝੇ** ਕੀਤੇ ਹਨ। ਇਸੇ ਗ੍ਰੰਥ ਦਾ ਵਿਸਤਾਰ '**ਤਵਾਰੀਖ਼ ਗੁਰੂ ਖ਼ਾਲਸਾ**' ਵਿਚ ਹੋਇਆ ਮਿਲਦਾ ਹੈ। ਕਵੀ ਦਾ ਇਤਿਹਾਸ ਲਿਖਣ ਦਾ **ਢੰਗ** ਪਰੰਪਰਾਵਾਦੀ ਹੈ ਅਤੇ **ਪਹੁੰਚ** ਭਾਵੁਕ ਹੈ। **ਕਈ ਤੱਥ** ਵੀ **ਵਿਗਿਆਨਿਕ** ਦ੍ਰਿਸ਼ਟੀ ਤੋਂ ਸ਼ੰਕਿਤ ਹਨ। ਪਰ ਸਿੱਖ ਗੁਰੂ-ਧਾਮਾਂ ਅਤੇ ਗੁਰਦੁਆਰਿਆਂ ਵਿਚ ਇਸ ਦਾ **ਪਾਠ ਬੜੇ ਆਦਰ** ਅਤੇ **ਸ਼ਰਧਾ** ਨਾਲ ਕੀਤਾ ਜਾਂਦਾ ਹੈ। ਭਾਈ **ਕਾਨ੍ਹ ਸਿੰਘ** ਨੇ '**ਮਹਾਨ ਕੋਸ਼**' ਵਿਚ ਲਿਖਿਆ ਹੈ ਕਿ "**ਸਰਦਾਰ ਰਤਨ** ਸਿੰਘ ਜੀ ਦੇ ਪੰਥ ਪ੍ਰਕਾਸ਼ ਦੀ ਕਵਿਤਾ ਛੰਦ ਸ਼ਾਸਤ੍ਰ ਦੇ ਨਿਯਮਾਂ ਅਨੁਸਾਰ ਨਾ **ਦੇਖ** ਕੇ, ਲੌਂਗੋਵਾਲ ਨਿਵਾਸੀ ਗ੍ਯਾਨੀ ਗ੍ਯਾਨ ਸਿੰਘ ਜੀ ਨੇ ਉਸ ਵਿਚ **ਬਹੁਤ** ਪ੍ਰਸੰਗ **ਹੋਰ** ਮਿਲਾ ਕੇ **ਸੰਮਤ** 1924 ਵਿਚ ਨਵਾਂ ਪੰਥ ਪ੍ਰਕਾਸ਼ ਰਚਿਆ, ਜਿਸ ਦੀ ਪਹਿਲੀ **ਐਡੀਸ਼ਨ** 1937 ਵਿਚ ਛਪੀ ਹੈ। ਕਵੀ ਨਿਹਾਲ ਸਿੰਘ ਜੀ ਲਾਹੌਰ ਨਿਵਾਸੀ ਦੀ ਬਹੁਤ ਕਵਿਤਾ ਨਾਉਂ **ਬਦਲ** ਕੇ ਇਸ ਗ੍ਰੰਥ ਵਿਚ ਲਿਖੀ ਗਈ ਹੈ।"

ਜੇ ਇਕੱਲਾ ਰਤਨ ਸਿੰਘ ਭੰਗੂ ਪੁੱਤਰ ਰਾਇ ਸਿੰਘ ਪੋਤਾ ਮਹਿਤਾਬ ਸਿੰਘ ਨਾ ਹੁੰਦਾ ਤਾਂ ਤਕਰੀਬਨ ਤਿੰਨ-ਚੌਥਾਈ ਸਿੱਖ ਇਤਿਹਾਸ ਨਾ ਹੁੰਦਾ। ਜਿਵੇਂ ਆਪਣੇ ਇਤਿਹਾਸ ਨੂੰ ਸਾਂਭਣ ਲਈ ਅਸੀਂ ਅੱਜ ਅਵੇਸਲੇ ਹਾਂ ਓਵੇਂ ਹੀ 19 ਵੀਂ ਸਦੀ ਵਿੱਚ ਵੀ ਸਾਂ। ਏਸ ਪੱਖੋਂ ਜਾਗਦਾ ਸੀ ਤਾਂ ਇਕੱਲਾ ਰਤਨ ਸਿੰਘ ਹੀ ਜਾਗਦਾ ਸੀ। ਓਸ ਦਾ ਜਾਗਣਾ ਵੀ ਬਣਦਾ ਸੀ ਕਿਉਂਕਿ ਓਸ ਦਾ ਸਿੱਖ ਇਤਿਹਾਸ ਨਾਲ ਖ਼ੂਨ ਦਾ ਰਿਸ਼ਤਾ ਸੀ। ਓਸ ਦਾ ਨਾਨਾ ਸ਼ਾਮ ਸਿੰਘ ਨਾਰਲੀ ਵਾਲਾ ਮਿਸਲਦਾਰ ਸੀ; ਮੱਸਾ ਰੰਘੜ ਨੂੰ ਮਾਰਨ ਵਾਲਾ ਮਹਿਤਾਬ ਸਿੰਘ ਓਸ ਦਾ ਦਾਦਾ ਸੀ। ਓਸ ਦਾ ਬਾਪ, ਤਾਇਆ, ਅਤੇ ਹੋਰ ਕਈ ਨੇੜੇ ਦੇ ਰਿਸ਼ਤੇਦਾਰ ਸਿੱਖ ਇਤਿਹਾਸ ਦੇ ਨਾਲੋ-ਨਾਲ ਸਾਲਾਂ ਬੱਧੀ ਵਿਚਰੇ ਸਨ। ਉਸ ਦੀ ਯਾਦਾਸ਼ਤ ਵਿੱਚ, ਓਸ ਦੇ ਲਹੂ ਦੇ ਕਣ-ਕਣ ਵਿੱਚ ਘੱਲੂਘਾਰੇ, ਸ਼ਹੀਦੀਆਂ, ਜਾਂਬਾਜ਼ੀਆਂ ਸਮਾਈਆਂ ਹੋਈਆਂ ਸਨ। ਓਸ ਨੇ ਕੇਵਲ ਏਨਾਂ ਕੀਤਾ ਕਿ ਅੱਖਰ-ਅੱਖਰ ਸੱਚ ਲਿਖਿਆ।

ਭੰਗੂ ਦੱਸਦਾ ਹੈ ਕਿ ਸ਼ਾਮ ਸਿੰਘ ਸਮੇਤ ਜਿੰਨੇਂ ਵੀ ਵੱਡੇ ਜਰਨੈਲ ਹੋਏ, ਭਾਈ ਮੰਝ ਸਮੇਤ ਜਿੰਨੇਂ ਵੀ ਵੱਡੇ ਪ੍ਰਚਾਰਕ ਹੋਏ ਸਭ ਦੇ ਸਭ ਓਹਨਾਂ ਵਿੱਚੋਂ ਸਨ ਜਿਨ੍ਹਾਂ ਨੂੰ ਹਿੰਦੂਆਂ ਨੇ ਕਦੇ ਹਿੰਦੂ ਨਹੀਂ ਸਮਝਿਆ ਸੀ ਅਤੇ ਹੁਣ ਉਹ ਸਦੀਆਂ ਤੋਂ ਕਈ ਪੜਾਵਾਂ, ਸਰਾਵਾਂ ਰਾਹੀਂ ਹੁੰਦੇ ਹੋਏ ਅੱਧੇ ਮੁਸਲਮਾਨ ਬਣ ਚੁੱਕੇ ਸਖੀ ਸਰਵਰ ਦੇ ਪੈਰੋਕਾਰ ਸਨ। ਉਹ ਗੁਰੂ ਦੇ ਫ਼ਲਸਫ਼ੇ ਤੋਂ ਮੁਤਾਸਰ ਹੋ ਕੇ ਪੂਰਾ ਸੰਵਾਦ ਰਚਾਉਣ ਤੋਂ ਬਾਅਦ ਸੰਗਤ ਵਿੱਚ ਆਏ ਸਨ। ਇਹ ਵੇਰਵਾ ਦੇਣਾ ਕੇਵਲ ਭੰਗੂ ਦੇ ਹਿੱਸੇ ਆਇਆ। ਬਾਅਦ ਵਿੱਚ ਅੰਗ੍ਰੇਜ਼ਾਂ ਦੇ ਲਿਖੇ ਗਜ਼ਟੀਅਰ ਦੱਸਦੇ ਹਨ ਕਿ ਸਿੱਖਾਂ ਅਤੇ ਸਰਵਰੀਆਂ ਵਿੱਚ ਬੜੀ ਲਾਗ-ਡਾਟ ਹੈ: ਉਹ ਸਮਝਦੇ ਹਨ ਕਿ ਸਿੱਖਾਂ ਨੇ ਪੀਰ ਦੇ ਪੈਰੋਕਾਰਾਂ ਨੂੰ ਸਿੱਖੀ ਵਿੱਚ ਸ਼ਾਮਲ ਕਰ ਲਿਆ ਹੈ। ਜੇ ਭੰਗੂ ਗੋਸ਼ਟੀਆਂ ਦਾ ਜ਼ਿਕਰ ਨਾ ਕਰਦਾ ਤਾਂ ਦੁਨੀਆ ਸਮਝਦੀ ਸ਼ਾਇਦ ਇਹ ਸਰਵਰੀਏ ਸਿਆਸੀ ਚੜ੍ਹਤ ਵੇਖ ਕੇ ਸਿੱਖਾਂ ਆ ਰਲੇ/
ਜੇ ਕਿਤੇ ਭੰਗੂ ਨਾ ਹੁੰਦਾ ਤਾਂ ਸ਼ਾਇਦ ਕੋਈ ਰਾਮਜੀ ਦਾਸ ਭਗਤ ਪੂਰਨ ਸਿੰਘ ਨਾ ਬਣਦਾ, ਨਾ ਕੋਈ । ਸ਼ਾਇਦ ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਅਤੇ ਸੋਹਣ ਸਿੰਘ ਦੋ-ਤਿੰਨ ਪੁਸ਼ਤਾਂ ਨੂੰ ਰੂਹ ਦੀ ਖੁਰਾਕ ਪ੍ਰਦਾਨ ਨਾ ਕਰ ਸਕਦੇ।

ਇੱਕ ਘਟਨਾ ਦਾ ਜ਼ਿਕਰ ਕਰਦਿਆਂ ਉਹ ਓਸ ਪ੍ਰੋਟੋਕੌਲ(protocol: ਆਉ ਭਗਤ ਦਸਤੂਰ) ਦੀ ਗੱਲ ਕਰਦਾ ਹੈ ਜਿਸ ਤੋਂ ਜ਼ਾਹਰ ਹੈ ਕਿ ਦਸਮੇਸ਼ ਜਦੋਂ ਬਹਾਦਰ ਸ਼ਾਹ ਨੂੰ ਮਿਲੇ ਤਾਂ ਇਹ ਦਸਤੂਰ ਬਣਾਇਆ ਗਿਆ। ਸਾਹਿਬ ਦਰਬਾਰ ਦੇ ਦਰਵਾਜ਼ੇ ਤੱਕ ਘੋੜੇ ਉੱਤੇ ਚੜ੍ਹ ਕੇ ਗਏ, ਸ਼ਸਤਰ ਧਾਰ ਕੇ ਗਏ, ਉਹਨਾਂ ਮੁਗ਼ਲ ਦਰਬਾਰ ਵਿੱਚ ਕਿਰਪਾਨ ਮਿਆਨ ਵਿੱਚੋਂ ਕੱਢੀ; ਕੀਮਤੀ ਦੋਸ਼ਾਲੇ, ਪੁਸ਼ਾਕਾਂ, ਹਜ਼ਰਤ ਅਲੀ ਦਾ ਖੰਡਾ ਆਦਿ ਉਹਨਾਂ ਨੂੰ ਭੇਂਟ ਕੀਤਾ ਗਿਆ ਜੋ ਉਹਨਾਂ ਦੇ ਸੇਵਕ ਚੁੱਕ ਕੇ ਲਿਆਏ। ਭੰਗੂ ਦੇ ਦੱਸੇ ਖ਼ ਅਨੁਸਾਰ ਜਦੋਂ ਸਾਹਿਬਾਂ ਨੇ ਦਰਵਾਜ਼ੇ ਵਿੱਚ ਪੈਰ ਰੱਖਿਆ ਤਾਂ ਬਾਦਸ਼ਾਹ ਤਖ਼ਤ ਉੱਤੋਂ ਉੱਠ ਕੇ ਜੀ ਆਇਆਂ ਨੂੰ ਆਖਣ ਲਈ ਚੱਲ ਪਿਆ। ਅੱਧਵਾਟੇ ਦੋਨੋਂ ਮਿਲੇ। ਸੱਚੇ ਪਾਤਸ਼ਾਹ ਨੇ ਹਾਲ ਪੁੱਛਿਆ। ਬਹਾਦਰ ਸ਼ਾਹ ਨੇ ਕਿਹਾ ਆਪ ਦੇ ਦਰਸ਼ਨ ਕਰ ਕੇ ਆਨੰਦ-ਪ੍ਰਸੰਨ ਹਾਂ। ਫ਼ੇਰ ਉਹ ਸਾਹਿਬਾਂ ਦੇ ਨਾਲ ਤੁਰਦਾ ਹੋਇਆ ਤਖ਼ਤ ਤੱਕ ਆਇਆ ਅਤੇ ਹਜ਼ੂਰ ਨੂੰ ਓਸ ਨੇ ਆਪਣੇ ਨਾਲ ਹੀ ਤਖ਼ਤ ਉੱਤੇ ਬਿਠਾ ਲਿਆ। ਇਹ ਧਰਤ-ਹਿਲਾਊ ਅਤੇ ਆਉਣ ਵਾਲੇ ਸਮਿਆਂ ਲਈ ਸੰਕੇਤ ਕਰਦੀ ਘਟਨਾ ਹੈ ਜੋ ਇਤਿਹਾਸ ਦੇ ਪਰਦੇ ਪਿੱਛੇ ਛੁਪੀ ਰਹੀ ਅਤੇ ਭੰਗੂ ਨੇ ਸ਼ਾਇਦ ਜ਼ਮਾਨੇ ਦੀ ਜ਼ਾਲਮ ਚਾਲ ਸਮਝ ਕੇ ਅਜਿਹੇ ਅੱਖਰਾਂ ਵਿੱਚ ਲਿਖੀ ਕਿ ਚੰਗੀ ਤਰ੍ਹਾਂ ਨਾਲ ਪੜ੍ਹਨ ਵਾਲਾ ਹੀ ਸਮਝ ਸਕੇ। ਇਉਂ ਇਹ ਮਹਿਫ਼ੂਜ਼ ਸਾਡੇ ਤੱਕ ਪਹੁੰਚ ਸਕੀ।

ਵੱਡੇ ਅਤੇ ਛੋਟੇ ਘੱਲੂਘਾਰਿਆਂ ਦਾ ਭੰਗੂ ਦਾ ਬਿਆਨ ਏਨਾਂ ਮੁਕੰਮਲ ਹੈ ਕਿ ਕੋਈ ਵੀ ਟੁੱਟਾ-ਭੱਜਾ ਜਰਨੈਲ ਓਸ ਦੇ ਬਿਆਨਾਂ ਨੂੰ ਪੜ੍ਹ ਕੇ ਮੁਕੰਮਲ ਬੈਟਲ-ਰਿਵਿਊ ਲਿਖ ਸਕਦਾ ਹੈ। ਆਖ਼ਰ ਸਭ ਨੂੰ ਜਾਣਨਾ ਚਾਹੀਦਾ ਹੈ ਕਿ ਏਸ਼ੀਆ ਦੇ ਵੱਡੇ ਜੇਤੂ ਜਰਨੈਲ ਅਹਿਮਦ ਸ਼ਾਹ ਕੋਲੋਂ ਸ਼ਮਸ਼ੀਰ ਕਿਵੇਂ ਮੁੱਠੀ ਭਰ ਸਿੱਖਾਂ ਨੇ ਖੋਹੀ ਅਤੇ ਸਦੀਆਂ ਦੇ ਮੁਤਵਾਤਰ ਹੁੰਦੇ ਹਮਲੇ ਕਿਵੇਂ ਆਪਣੇ ਬਾਹੂਬਲ ਨਾਲ ਰੋਕੇ। ਓਸ ਦੇ ਸਾਹਮਣੇ ਤਾਂ ਮੁਗ਼ਲ, ਜਾਟ, ਰਾਜਪੂਤ, ਮਰਾਠੇ ਸਭ ਨਿੱਸਲ ਹੋਏ ਪਏ ਸਨ। ਭੰਗੂ ਰਾਜ਼ ਖੋਲ੍ਹਦਾ ਹੈ ਕਿ ਇਹ ਮੌਜਜ਼ਾ ਕਰਨ ਵਾਲੇ ਬੇ-ਸਾਜ਼ੋ-ਸਾਮਾਨ ਕੰਲਗੀਧਰ ਦੇ ਲਾਡਲੇ ਕਿਹੋ ਜਿਹੇ ਸਨ।
ਓਸ ਜ਼ਮਾਨੇ ਦੇ ਮਹਾਂ ਪਰੋਪਕਾਰੀ ਵੱਡੇ ਜਰਨੈਲ ਬੰਦਾ ਬਹਾਦਰ ਦੇ ਵਿਰੁੱਧ ਕਿਵੇਂ ਓਸ ਸਮੇਂ ਦੇ ਹਿੰਦੂ ਅਤੇ ਮੌਲਾਣੇ ਇੱਕ ਜਾਨ ਹੋ ਕੇ ਜੂਝੇ, ਵੀ ਭੰਗੂ ਦੀ ਲੇਖਣੀ ਤੋਂ ਅਸੀਂ ਜਾਣਦੇ ਹਾਂ। ਬਾਅਦ ਵਿੱਚ ਤੱਤ ਖ਼ਾਲਸਾ ਬਣ ਉਭਰਨ ਵਾਲਿਆਂ ਦੀਆਂ ਕਰਤੂਤਾਂ ਵੀ ਕੇਵਲ ਭੰਗੂ ਹੀ ਦੱਸ ਸਕਦਾ ਸੀ।

ਇੱਕੋ ਬਾਟੇ (ਸੁਨੈਹਰੇ) ਵਿੱਚੋਂ ਲੰਗਰ ਛਕਣ ਵਾਲੇ ਸਿੰਘ ਸੁਨੈਹਰੀਏ ਭਰਾਵਾਂ ਦਾ ਧਰਮ ਨਿਭਾਉਂਦੇ ਹੋਏ ਇਕੱਠੇ ਰਣ ਵਿੱਚ ਜੂਝਦੇ ਸਨ। ਸਿੰਘਾਂ ਦੇ ਇਕੱਠੇ ਸ਼ਹੀਦੀਆਂ ਪਾਉਣ ਦੇ ਪ੍ਰਣ ਹੁੰਦੇ ਸਨ। ਮਹਿਤਾਬ ਸਿੰਘ, ਤਾਰੂ ਸਿੰਘ ਨਾਲ ਇਹ ਪ੍ਰਣ ਨਿਭਾਉਣ ਖਾਤਰ ਪੇਸ਼ ਹੋ ਕੇ ਓਸ ਨਾਲ ਸ਼ਹੀਦ ਹੋਇਆ ਸੀ। ਤਾਰਾ ਸਿੰਘ ਵਾਂਅ ਨੂੰ ਪੂਰਬੀਏ ਮਨਸਾ ਰਾਮ ਨੇ ਮੁਗ਼ਲਾਂ ਵੱਲੋਂ ਘੇਰਾ ਪਾਇਆ ਤਾਂ ਆਖ਼ਰੀ ਵਾਰ ਓਸ ਨਾਲ ਜੂਝਣ ਦੇ ਕਉਲ ਨਿਭਾਉਣ ਲਈ ਕਈ ਸਿੰਘ ਦੂਰੋਂ-ਦੂਰੋਂ ਚੱਲ ਕੇ ਆਏ ਅਤੇ ਰਣ ਵਿੱਚ ਜੂਝਦੇ ਹੋਏ ਸ਼ਹੀਦ ਹੋਏ।

ਇਤਿਹਾਸਕਾਰ ਜਾਣਦੇ ਹਨ ਕਿ ਇਹ ਮਨੁੱਖੀ ਮਨ ਦੀ ਸਹਿਜ-ਬੀਰਤਾ ਦੇ ਕਰਿਸ਼ਮੇ ਕਿਸੇ ਹੋਰ ਇਤਿਹਾਸ ਵਿੱਚ ਨਹੀਂ ਮਿਲਦੇ। ਭੰਗੂ ਦੀ ਢਿੱਲੀ ਕਵਿਤਾ, ਓਸ ਦੇ ਵਰਤੇ ਅਵਧੀ, ਬ੍ਰਜ, ਖੜ੍ਹੀ ਬੋਲੀ, ਫ਼ਾਰਸੀ ਦੇ ਲਫ਼ਜ਼ਾਂ ਪਿੱਛੇ ਇਹ ਮਨੁੱਖੀ ਮਨ ਨੂੰ ਅਗੰਮੀ ਹੁਲਾਰਾ ਦੇਣ ਵਾਲੀਆਂ ਕਹਾਣੀਆਂ ਲੁਕਣਮੀਟੀ ਖੇਡ ਰਹੀਆਂ ਹਨ।

ਰਤਨ ਸਿੰਘ ਭੰਗੂ ਨੇ ਪੰਥ ਪ੍ਰਕਾਸ਼ 1841 ਵਿੱਚ ਲਿਖਿਆ। ਭੰਗੂ ਦਾ ਦਿਹਾਂਤ 1846 ਵਿੱਚ ਹੋਇਆ। ਭੰਗੂ ਢਿੱਲੋ **ਗੋਤ** ਦੀ ਉਪਵੰਡ ਹੈ। ਰਤਨ ਸਿੰਘ ਭੰਗੂ ਦੇ ਖ਼ਾਨਦਾਨ ਦਾ **ਸਿੱਖ ਸੰਘਰਸ਼ ਨਾਲ** ਡੂੰਘਾ **ਸੰਬੰਧ** ਹੈ। ਭੰਗੂ ਦੇ ਦਾਦੇ, ਮਤਾਬ ਸਿੰਘ **ਪਿੰਡ** ਮੀਰਾਂਕੋਟ, ਨੇੜੇ **ਅੰਮ੍ਰਿਤਸਰ** ਨੇ ਕੰਬੂ **ਮਾੜੀ** ਦੇ **ਸੁੱਖਾ ਸਿੰਘ** ਨਾਲ ਰਲਕੇ 1740 ਵਿੱਚ ਮੱਸੇ ਰੰਘੜ ਨੂੰ **ਹਰਿਮੰਦਿਰ ਸਾਹਿਬ** ਵਿੱਚ ਵੱਢਿਆ, ਜਦੋਂ ਉਹ ਪਾਵਨ **ਅਸਥਾਨ** ਦੀ, ਉੱਥੇ ਕੰਜਰੀਆਂ ਨਚਾ ਕੇ ਬੇ-ਹੁਰਮਤੀ ਕਰ ਰਿਹਾ ਸੀ। ਮਤਾਬ ਸਿੰਘ **ਲਾਹੌਰ** ਵਿੱਚ 1745 ਵਿੱਚ **ਸ਼ਹੀਦ** ਹੋਇਆ।

ਭੰਗੂ ਦੇ **ਪਿਤਾ** ਰਾਇ ਸਿੰਘ ਨੂੰ ਵੀ ਦੁਸ਼ਮਣ ਮਰਿਆ **ਸਮਝ** ਕੇ ਛੱਡ ਗਏ ਸਨ, ਜਿਸ **ਦਿਨ** ਉਸ ਦੀ ਗਰਦਨ **ਮੋਚੀ** ਨੇ ਗੰਢੀ ਸੀ। ਭੰਗੂ ਕਰੋੜ ਸਿੰਘੀਆ **ਮਿਸਲ** ਦੇ **ਸਰਦਾਰ** ਸ਼ਿਆਮ ਸਿੰਘ ਦਾ **ਦੋਹਤਾ** ਸੀ। ਭੰਗੂ ਦੇ ਖ਼ਾਨਦਾਨ ਦਾ ਸੰਘਰਸ਼ਵਾਦੀ ਪਿਛੋਕੜ ਉਸ ਲਈ ਸਿੱਖ **ਇਤਿਹਾਸ** ਦੀ **ਮੌਖਿਕ** ਗਵਾਹੀ ਦਾ **ਸੋਮਾ** ਹੋ ਗਿਆ।

ਭੰਗੂ ਨੇ ਪੰਥ ਪ੍ਰਕਾਸ਼ ਕੈਪਟਨ ਮੱਰੈ (Murray) ਦੀ ਸਿਫ਼ਾਰਿਸ਼ `ਤੇ ਲਿਖਿਆ ਸੀ। ਅੰਗਰੇਜ਼ 1804 ਵਿੱਚ **ਦਿੱਲੀ ਪਹੁੰਚ** ਗਏ ਸਨ। ਮੱਰੈ ਦਿੱਲੀ ਸਥਿਤ ਡੇਵਿਡ ਅਕਟਰਲੋਨੀ **ਅਧੀਨ** ਅੰਬਾਲੇ, ਲੁਧਿਆਣੇ ਵਿੱਚ ਉਹਦਾ ਪੋਲੀਟੀਕਲ ਏਜੰਟ ਸੀ। ਮੱਰੈ 1826 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ **ਬਿਮਾਰੀ** ਦੇ **ਇਲਾਜ** ਲਈ ਲਾਹੌਰ ਆਇਆ ਸੀ **ਅਤੇ** 1827 ਵਿੱਚ ਵਾਪਸ ਗਿਆ।

ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਨਾਲ ਆਪਣੇ ਸਫ਼ਾਰਤੀ ਤਅੱਲਕਾਤ ਦੀ **ਨੀਂਹ** ਪੱਕੀ ਕਰਨ ਲਈ ਸਿੱਖ ਸ਼ਕਤੀ ਦੇ ਉੱਥਾਨ ਨੂੰ ਸਮਝਣਾ ਜ਼ਰੂਰੀ ਮੰਨਦੇ ਸਨ। ਕੈਪਟਨ ਮੱਰੈ ਦੇ ਕਹਿਣ `ਤੇ ਬੂਟੇ **ਸ਼ਾਹ** ਨੇ ਵੀ ਸਿੱਖਾਂ ਬਾਰੇ ਇਤਿਹਾਸਿਕ **ਰਚਨਾ** ਕੀਤੀ ਸੀ। ਕਹਿੰਦੇ ਹਨ ਕਿ ਜਿਹੜੇ ਲੋਕਾਂ ਦੀ **ਰਿਆਸਤ** ਨਹੀਂ ਬਣਦੀ, ਉਹਨਾਂ ਦੇ ਇਤਿਹਾਸ ਦਾ **ਲਿਖਣਾ** ਵੀ ਰਹਿ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ **ਰਾਜ** ਨੇ ਸਿੱਖ ਇਤਿਹਾਸਕਾਰੀ ਨੂੰ ਸੰਭਵ ਬਣਾਇਆ। ਭੰਗੂ ਤੋਂ ਪਹਿਲੇ ਲਿਖਾਰੀ **ਸਿੱਖ ਧਰਮ** ਬਾਰੇ ਲਿਖਦੇ ਹਨ। ਭੰਗੂ ਸਿੱਖ ਰਾਜ-ਗ੍ਰਹਿਣ ਬਾਰੇ ਲਿਖਦਾ, ਸਿੱਖਾਂ ਦੇ ਭਵਿੱਖ ਬਾਰੇ ਚਿੰਤਿਤ ਹੈ।

ਇਤਿਹਾਸ ਤਤਕਾਲ ਦੀਆਂ ਘਟਨਾਵਾਂ ਦਾ ਉਘੜਾ- ਦੁਘੜਾ **ਵੇਰਵਾ** ਨਹੀਂ ਹੁੰਦਾ। ਇਤਿਹਾਸ **ਵਰਤਮਾਨ ਸਥਿਤੀ** ਦੀ ਦੁਬਿਧਾ-ਅਕਾਂਖਾਂ ਅਧੀਨ **ਭੂਤ** ਦੀਆਂ ਘਟਨਾਵਾਂ ਨੂੰ ਲੜੀਵਾਰ ਕਰਦਾ ਭਵਿੱਖ ਉੱਤੇ ਚਾਨਣ ਪਾਉਣ ਦੀ ਕੋਸ਼ਿਸ਼ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੀ 1839 ਵਿੱਚ **ਮੌਤ** ਹੋ ਚੁੱਕੀ ਸੀ, ਜਿਸ ਦੇ ਮਗਰੋਂ ਸਿੱਖ ਰਾਜ ਦਾ ਕਾਇਮ ਰਹਿਣਾ ਮੁਸ਼ਕਲ ਹੋ ਗਿਆ ਸੀ। ਦੂਸਰੇ ਅੰਗਰੇਜ਼ **ਪੰਜਾਬ** ਨੂੰ ਹਥਿਆਉਣ ਲਈ ਤਿਆਰ ਬੈਠੇ ਸਨ। ਸਿੱਖ ਰਾਜ ਪ੍ਰਤਿ ਅੰਗਰੇਜ਼ ਨੀਤੀ ਉਸ ਦੇ ਪੋਲੀਟੀਕਲ ਏਜੰਟਾਂ ਦੀਆਂ ਰਿਪੋਰਟਾਂ `ਤੇ ਨਿਰਭਰ ਸੀ। ਪੰਥ ਪ੍ਰਕਾਸ਼ ਇੱਕ ਤਰੀਕੇ ਨਾਲ ਅੰਗਰੇਜ਼ੀ ਖ਼ਤਰੇ ਤੋਂ ਉਪਜਿਆ ਸਿੱਖ ਜੁਝਾਰਵਾਦੀ ਪ੍ਰਤਿਕਰਮ ਹੈ।

ਭੰਗੂ ਪਹਿਲਾਂ ਤਾਂ ਇਸ **ਗੱਲ** ਦਾ ਜਵਾਬ ਦਿੰਦਾ ਹੈ ਕਿ ਸਿੱਖ **ਹਕੂਮਤ** ਕਿੱਥੋਂ ਆਈ, ਇਹ ਕਿਵੇਂ ਜਾਇਜ਼ ਠਹਿਰਾਈ ਜਾਂਦੀ ਹੈ, ਇਹਦੀ ਜਾਇਜ਼-ਕਰਾਰੀ (legiti-macy) ਕੀ ਹੈ? ਜੇ ਮੁਗ਼ਲ ਸਿੱਖਾਂ ਨੂੰ ਆਪਣੀ ਰਈਅਤ ਕਹਿੰਦੇ ਸੀ ਤਾਂ ਮੁਗ਼ਲ-ਜੈਤਾ ਅੰਗਰੇਜ਼ ਸਿੱਖਾਂ `ਤੇ ਰਾਜ ਕਰਨ ਦਾ **ਹੱਕ** ਰੱਖਦਾ ਹੈ। ਭੰਗੂ ਦਾ ਕਹਿਣਾ ਹੈ ਕਿ

ਸਿੱਖ ਰਾਜ **ਰੱਬ** ਦੀ **ਦਾਤ** ਹੈ। **ਗੁਰੂ** ਅਤੇ **ਪਾਰਬ੍ਰਹਮ** ਵਿੱਚ ਫ਼ਰਕ ਨਹੀਂ। ਗੁਰੂ (ਦਸਵੇਂ) ਨੇ 'ਜਾਤ ਕਮੀਨੀ', 'ਨੀਚਨ ਪੈ ਕ੍ਰਿਪਾ ਕੀਨੀ', 'ਇਨ **ਗ਼ਰੀਬ** ਸਿੰਘਨ ਕੋ ਦਯੋ ਪਾਤਿਸ਼ਾਹੀ'। ਸਿੱਖ ਸੱਚੇ ਪਾਤਿਸ਼ਾਹ ਤੋਂ ਬਿਨਾਂ ਕਿਸੇ ਦੀ ਰਿਆਇਆ ਨਹੀਂ। 'ਆਨ ਨ ਮਾਨੈ ਆਨ ਕੀ, ਇੱਕ ਸੱਚੇ ਬਿਨ ਪਾਤਿਸ਼ਾਹ।'

ਜਿਹੜਾ ਖ਼ਾਲਸੇ ਵਿੱਚ ਸ਼ਾਮਲ ਨਹੀਂ **ਕੇਵਲ** ਉਹ ਹੀ ਰਈਅਤ ਹੋ ਸਕਦਾ :

ਜੋ ਆਇ ਰਲੈ ਨ ਖਾਲਸੇ, ਰੱਯਤ ਤਿਸੇ ਬਣੇ ਹੁ,

ਜੋ ਖ਼ਾਲਸੇ ਮੈਂ ਆ ਰਲੇ, ਪਾਤਿਸਾਹੀਓਂ **ਵੱਡਾ** ਹੋਇ।

ਨਵਾਬ **ਕਪੂਰ ਸਿੰਘ** ਵਾਲੀ ਨਵਾਬੀ ਲੈਣ ਦੀ ਇਸ ਲਈ ਹਿਚਕਚਾਹਟ ਸੀ ਕਿ ਕਿਤੇ ਇਹਦੇ ਨਾਲ ਅਧੀਨਗੀ ਨਾ ਮੰਨਣੀ ਪੈ ਜਾਵੇ। ਸਿੱਖਾਂ `ਤੇ ਹੋਏ ਜ਼ੁਲਮਾਂ ਨੇ ਉਹਨਾਂ ਨੂੰ ਅਧਿਰਾਜਗੀ ਦਿੱਤੀ ਹੈ।

ਐਸੇ ਐਸੇ ਦੁਖ ਸਹੇ, ਤੈਂ ਛਡੇ ਸੋ ਦਾਈਏ ਨਾਂਹਿ,

ਖਤ੍ਰੀ ਤ੍ਰਖਾਣ ਕਲਾਲ, ਜਟ, ਮਿਲੀ ਪਾਤਿਸਾਹੀ ਤਾਂਹਿ।

ਸਿੱਖ ਰਾਜ ਦੀ ਜਾਇਜ਼-ਕਰਾਰੀ ਦਾ ਆਪਣਾ **ਮਿਥਿਹਾਸ** ਹੈ। ਬਾਬੇ ਨਾਨਕ ਨੇ ਬਾਬਰ ਨੂੰ ਸੱਤ ਮੁੱਠੀਆਂ **ਭੰਗ** ਦੇ ਕੇ ਸੱਤ ਪੁਸ਼ਤਾਂ ਦਾ ਰਾਜ ਦਿੱਤਾ ਸੀ। ਮੁਗ਼ਲਾਂ ਨੇ ਸਿੱਖਾਂ `ਤੇ ਜ਼ੁਲਮ ਕਰ ਕੇ ਇਸ ਤੋਂ ਆਪਣਾ ਹੱਕ ਗੁਆ ਲਿਆ। ਗੁਰੂ ਦਿੱਤੀ ਦਾਤ ਹੁਣ ਗੁਰੂ-ਰੂਪ ਖ਼ਾਲਸੇ ਨੂੰ ਵਾਪਸ ਹੋ ਗਈ ਹੈ।

ਨਾਲੇ ਸ਼ਕਤੀ ਦੀ ਆਪਣੀ ਜਾਇਜ਼ ਕਰਾਰੀ ਹੁੰਦੀ ਹੈ। ਨਾਦਿਰ ਸ਼ਾਹ ਨੇ ਦਿੱਲੀ ਲੁੱਟੀ, **ਪਰ** ਸਿੱਖ ਨਾਦਿਰ ਸ਼ਾਹ ਦੇ ਪ੍ਰਿਸ਼ਟ-ਬਲ (Rearguard) ਨੂੰ ਕਾਬਲ ਤੱਕ ਲੁੱਟਦੇ ਗਏ। ਅਹਿਮਦ ਸ਼ਾਹ ਨੇ ਲਾਹੌਰ, ਦਿੱਲੀ ਜਿੱਤੇ, ਸਿੰਘਾਂ ਨੇ ਅਹਿਮਦ ਸ਼ਾਹ ਨੂੰ ਪੰਜਾਬ ਵਿੱਚੋਂ ਭਜਾ ਦਿੱਤਾ।

ਭੰਗੂ ਇੱਕ ਪਾਸੇ ਸਿੱਖਾਂ ਨੂੰ ਜੁਝਾਰ ਭਵਿੱਖ ਲਈ ਤਿਆਰ ਕਰਦਾ ਹੈ ਤਾਂ ਦੂਸਰੇ ਪਾਸੇ ਅੰਗਰੇਜ਼ ਨੂੰ ਸਿੱਖ ਜੁਝਾਰਤਾ ਦਾ ਡਰਾਵਾ ਦਿੰਦਾ ਹੈ ਕਿ ਸਿੱਖਾਂ ਨਾਲ ਲੜਾਈ ਮਹਿੰਗੀ ਪਏਗੀ। ਜੇ ਸਿੱਖ ਆਪਣੇ ਗੁਰੂ ਵਾਸਤੇ **ਸਿਰ** ਦੇਣ ਲਈ ਤਿਆਰ ਹਨ ਤਾਂ ਉਹਨਾਂ ਲਈ **ਕੋਈ** ਉਦੇਸ਼ ਦੁਰਗਮ ਨਹੀਂ, ਸਗਵਾਂ **ਦਾਵਾ** ਹਮਰੋ ਰਿਹਾ, ਗੁਰ ਸਿਰ ਲਾਗੇ ਸੋ ਸਿਖ ਚਹੈਂ ਲਿਆ। ਜੋ ਵੀ **ਤਾਰੂ** ਸਿੰਘ ਦੀ ਪੁੱਠੀ ਖੱਲ੍ਹ ਲਹਾਉਣ ਦੀ **ਕਥਾ** ਸੁਣਦਾ ਹੈ, ਉਹ **ਸਰੀਰਕ ਦੁੱਖ** ਨੂੰ ਕੁੱਝ ਨਹੀਂ ਸਮਝਦਾ। **ਯਮ** ਉਸ ਦੇ ਨੇੜੇ ਨਹੀਂ ਆਉਂਦਾ, ਮਰਨ **ਕਾਲ** ਨਹਿਂ ਕਾਲ ਸੰਤਾਵੈ। ਅੰਗਰੇਜ਼ੀ ਖ਼ਤਰੇ ਨੂੰ ਮੁੱਖ ਰਖਦਿਆਂ ਪੰਥ ਪ੍ਰਕਾਸ਼ ਲਿਖਿਆ ਹੀ ਜੁਝਾਰਵਾਦੀ ਇਰਾਦੇ ਲਈ ਹੈ :

ਸੋ ਕੋਈ ਯਾਂ ਕੋ ਸੁਣੈ ਸੁਣਾਵੈ

ਤਾਂ ਕੇ **ਮਨ** ਮੇਂ ਦ੍ਰਿੜਤਾ ਆਵੈਂ

ਪੰਥ ਪ੍ਰਕਾਸ਼ ਤੋਂ **ਮਾਲਵਾ ਮਾਝਾ** ਤਫ਼ਰਕਾਤ ਦੀ ਸਮਝ ਆਉਂਦੀ ਹੈ, ਜਿਹੜੇ ਹੁਣ ਮਿਟ ਗਏ ਹਨ। ਪਰ ਕਈ **ਵਾਰ** ਕਿਸੇ ਨਾ ਕਿਸੇ ਤੋਂ ਅਪਮਾਨੀ **ਸ਼ਬਦ** ਨਿਕਲ ਜਾਂਦੇ ਹਨ। ਇੱਕ ਤਾਂ 1767 ਵਿੱਚ ਅਮਰ ਸਿੰਘ, **ਪਟਿਆਲਾ** ਪਤਿ ਨੇ ਅਹਿਮਦ ਸ਼ਾਹ ਅਬਦਾਲੀ ਦੀ ਅਧਿਰਾਜਗੀ ਕਬੂਲ ਕਰ ਕੇ ਉਸ ਦੇ ਕੋਲੋਂ ਰਾਜੇ ਦੀ **ਪਦਵੀ** ਹਾਸਲ ਕੀਤੀ ਸੀ, ਜਿਸ ਦੇ ਪ੍ਰਤਿਕਰਮ ਵਜੋਂ **ਮਿਸਲਾਂ** ਨੇ ਰਲ ਕੇ ਪਟਿਆਲਾ `ਤੇ ਚੜ੍ਹਾਈ ਵੀ ਕੀਤੀ ਸੀ। ਦੂਸਰੀ ਵਾਰ 1804 ਵਿੱਚ ਨਿਮਨ-ਸਤਲੁਜ **ਸਿੱਖ ਰਿਆਸਤਾਂ** ਨੇ ਅੰਗਰੇਜ਼ ਦੀ ਅਧਿਰਾਜਗੀ **ਮੰਨ** ਲਈ ਸੀ। ਇਹ ਹੈ ਮਾਲਵੇ ਮਾਝੇ ਦੇ ਭਿੰਨ ਭਾਵ ਦਾ ਆਧਾਰ। ਰਤਨ ਸਿੰਘ ਭੰਗੂ ਅਨੁਸਾਰ **ਗੁਰੂ ਗੋਬਿੰਦ ਸਿੰਘ** ਨੇ **ਬੰਦਾ** ਬਹਾਦਰ ਨੂੰ ਮਝੈਲ ਆਪਣੇ ਨਾਲ ਲੈਣ ਨੂੰ ਕਿਹਾ ਸੀ, ਉਨ ਮੈ ਹੈ ਸਭ ਹਮਰੀ ਸ਼ਕਤਿ। ਦਸਵੇਂ ਪਾਤਸ਼ਾਹ ਨੇ ਸੀਸ ਮੰਗੇ ਤਾਂ ਸਤਿਗੁਰ ਮਾਂਗੈ ਸੀਸ, ਜਿਸ, ਨਿਤਰੇ ਆਇ ਮਝੈਲ। ਮਾਝੇ ਦੀ **ਸਿੱਖੀ** ਹਰਿਮੰਦਿਰ ਸਾਹਿਬ **ਕਾਰਨ** ਪੱਕੀ ਹੈ, ਜਬ ਤੇ ਮਾਝੇ ਦੇਸ ਮੈ ਗੁਰ ਲਵਾਯੋ ਤਾਲ। ਘੱਲੂਘਾਰੇ ਦੇ ਵਰਣਨ ਵਿੱਚ 'ਖ਼ਾਲਸਾ' ਅਤੇ 'ਮਲਵਈ' ਵਿਰੋਧੀ ਸ਼ਬਦਾਂ ਵਾਂਗੂ ਵਰਤੇ ਗਏ ਹਨ, ਮਲਵਈਅਨ ਖਾਲਸੈ ਕਹਯੋ, ਆਗੇ ਪਾਨੀ ਦੂਰ/ਇਹਾਂ ਪਾਸੋ ਜੋ ਤੁਰੈ, ਆਗੈ ਮਰੂ ਜਰੂਰ.

ਰਤਨ ਸਿੰਘ ਭੰਗੂ ਮਾਲਵੇ ਨੂੰ ਮਾਝੇ ਬਰਾਬਰ ਨਹੀਂ ਸਮਝਦਾ, ਪੰਜ ਮਿਸਲ ਥੇ ਭਏ ਮਝੈਲ। ਛਟਵੇਂ ਲਗ ਗਏ **ਮਲਵਈ** ਗੈਲ। ਉਨਕੋ ਕੀਨੇ ਰਯਤ ਠਹਿਰਾਇ। ਦਸਵੇਂ ਪਾਤਿਸ਼ਾਹ ਆਪ ਮਝੈਲਾਂ ਨੂੰ ਮਲਵਈਆਂ `ਤੇ ਤਰਜੀਹ ਦਿੰਦੇ ਸੀ, ਸੁਨ ਸਤਿਗੁਰ ਤਿਸ ਐਸ ਫਰਮਾਯੋ।... ਫੇਰ ਮਝੈਲਨ ਮਤ ਕਹਯੋ ਮਾੜੇ। ਅਹੈਂ ਮਝੈਲ ਤੁਮ **ਘਰ** ਕੇ ਲਾੜੇ। ਮਲਵਈ ਗੁਰੂ ਸਾਹਿਬ ਤੋਂ 'ਕਮਾਦ, ਕਣਕ, ਚਾਵਲ' ਥਾਉਂ **ਮੋਠ** ਬਾਜਰੀ ਦਾ **ਵਰ** ਮੰਗਦੇ ਹਨ।

ਪੰਥ ਮਾਝੇ ਵਿੱਚ ਹੈ, 'ਹੁਤੋ ਪੰਥ ਥੋ ਮਾਝੇ ਮਾਂਹਿ।'

ਅੰਤ **ਖ਼ਾਲਸਾ** ਰਈਅਤ ਨਹੀਂ ਹੋ ਸਕਦਾ। ਮਾਲਵੇ ਨੇ ਅੰਗਰੇਜ਼ ਦੀ ਅਧਿਰਾਜੀ ਕਬੂਲ ਕਰ ਕੇ ਆਪਣੇ ਨੂੰ ਸਿੱਖੀ ਤੋਂ ਖ਼ਾਰਜ ਕਰ ਲਿਆ ਹੈ। ਭੰਗੂ ਸਿੱਖ ਸੰਘਰਸ਼ ਵਿੱਚ ਜੰਗ ਦੀ ਗੁਰੀਲਾ (Guerrilla) ਵਿਧੀ ਨੂੰ ਭਲੀ-ਭਾਂਤ ਸਮਝਦਾ ਹੈ, ਭਾਵ ਇਸ ਦਾ ਤਕਨੀਕੀ ਵੇਰਵਾ ਨਹੀਂ ਹੈ। ਉਹ ਗੁਰੀਲੇ ਨੂੰ 'ਸਿਆਣਾ' ਅਤੇ ਜਮ ਕੇ ਲੜਨ ਵਾਲਿਆਂ ਨੂੰ 'ਸੂਰਮੇ' ਕਹਿੰਦਾ ਹੈ **-ਸੁਰਜੀਤ ਹਾਂਸ**।

3. ਸਿੱਖ ਧਰਮ (ਏ)- ਭਾਈ ਕਾਨ੍ਹ ਸਿੰਘ ਨਾਭਾ, ਪ੍ਰੋ. ਸਾਹਿਬ ਸਿੰਘ

ਭਾਈ ਕਾਨ੍ਹ ਸਿੰਘ ਨਾਭਾ

-ਡਾ. ਰਵਿੰਦਰ ਕੌਰ ਰਵੀ

ਭਾਈ ***ਕਾਨ੍ਹ ਸਿੰਘ ਨਾਭਾ*** (30 ਅਗਸਤ,1861-24 ਨਵੰਬਰ,1938) 19ਵੀਂ ਸਦੀ ਦੇ ਇੱਕ ਸਿੱਖ ਵਿਦਵਾਨ ਅਤੇ ਲੇਖਕ ਸਨ ਜੋ ਆਪਣੇ ਰਚੇ ਵਿਸ਼ਵ ਗਿਆਨਕੋਸ਼ ਗ੍ਰੰਥ, ਮਹਾਨ ਕੋਸ਼ ਕਰਕੇ ਜਾਣੇ ਜਾਂਦੇ ਹਨ। ਉਹਨਾਂ ਦੇ ਲਿਖੇ ਗ੍ਰੰਥ ਮਹਾਨ ਕੋਸ਼ (ਗੁਰਸ਼ਬਦ ਰਤਨਾਕਰ ਮਹਾਨ ਕੋਸ਼) ਨੂੰ ਸਿੱਖੀ, ਪੰਜਾਬੀ ਜ਼ਬਾਨ ਅਤੇ ਵਿਰਸੇ ਦਾ ਵਿਸ਼ਵ ਗਿਆਨ ਕੋਸ਼ ਦਾ ਦਰਜਾ ਹਾਸਿਲ ਹੈ। ਉਹਨਾਂ ਨੇ ਸਿੰਘ ਸਭਾ ਲਹਿਰ ਵਿੱਚ ਵੀ ਆਪਣਾ ਯੋਗਦਾਨ ਦਿੱਤਾ।

ਭਾਈ ਕਾਨ੍ਹ ਸਿੰਘ ਦਾ ਜਨਮ ਭਾਦੋਂ ਵਦੀ 10 ਬਿਕ੍ਰਮੀ ਸੰਮਤ 1918 ਮੁਤਾਬਕ 30 ਅਗਸਤ,1861 ਨੂੰ ਪਟਿਆਲਾ ਰਿਆਸਤ ਦੇ ਇੱਕ ਪਿੰਡ ਪਿੱਥੋ ਵਿਖੇ ਇੱਕ ਸਿੱਖ ਪਰਵਾਰ ਵਿਚ, ਪਿਤਾ ਨਰਾਇਣ ਸਿੰਘ ਅਤੇ ਮਾਤਾ ਹਰ ਕੌਰ ਦੇ ਘਰ, ਹੋਇਆ। ਕਾਨ੍ਹ ਸਿੰਘ ਆਪਣੇ ਦੋ ਭਰਾਵਾਂ ਅਤੇ ਇੱਕ ਭੈਣ ਤੋਂ ਵੱਡੇ ਸਨ।

ਉਹਨਾਂ ਨੇ ਪੰਡਤਾਂ ਤੋਂ ਸੰਸਕ੍ਰਿਤ, ਮੌਲਵੀਆਂ ਅਤੇ ਪ੍ਰੋ. ਗੁਰਮੁਖ ਸਿੰਘ ਤੋਂ ਫ਼ਾਰਸੀ ਅਤੇ ਮਹੰਤ ਗੱਜਾ ਸਿੰਘ ਤੋਂ ਸੰਗੀਤ ਦੀ ਸਿੱਖਿਆ ਲਈ।

ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਕਈ ਕਿਤਾਬਾਂ ਲਿਖੀਆਂ ਅਤੇ ਅਖ਼ਬਾਰਾਂ ਅਤੇ ਰਸਾਲਿਆਂ ਵਾਸਤੇ ਵੀ ਕੰਮ ਕੀਤਾ। *ਰਾਜ ਧਰਮ*1884 ਉਹਨਾਂ ਦੀ ਪਹਿਲੀ ਕਿਤਾਬ ਸੀ ਅਤੇ ਇਸ ਤੋਂ ਬਾਅਦ 1898 ਵਿੱਚ ਹਮ ਹਿੰਦੂ ਨਹੀਂ[2] ਕਿਤਾਬ ਲਿਖੀ ਜੋ ਕਿ ਸਿੱਖ ਧਰਮ ਅਤੇ ਸਿੱਖ ਦੀ ਅਸਲੀ ਪਛਾਣ 'ਤੇ ਅਧਾਰਿਤ ਹੈ। ਉਸ ਵੇਲੇ ਜਦੋਂ ਹਿੰਦੂ, ਸਿੱਖ ਧਰਮ ਨੂੰ ਆਪਣਾ ਹਿੱਸਾ ਕਹਿ ਰਹੇ ਸਨ ਤਾਂ ਕਾਨ੍ਹ ਸਿੰਘ ਨੇ ਇਹ ਕਿਤਾਬ ਲਿਖ ਕੇ ਸਿੱਖ ਧਰਮ ਨੂੰ ਹਿੰਦੂ ਧਰਮ ਨਾਲੋਂ ਵੱਖਰਾ ਦੱਸਦਿਆਂ ਇਹਨਾਂ ਦੋਹਾਂ ਧਰਮਾਂ ਵਿਚਲੇ ਵਖਰੇਂਵੇਂ ਤੋਂ ਜਾਣੂ ਕਰਵਾਇਆ। ਇਸ ਵਿੱਚ ਹਿੰਦੂ ਅਤੇ ਸਿੱਖ ਦੇ ਸਵਾਲ-ਜਵਾਬ ਅਤੇ ਵੇਦਾਂ, ਪੁਰਾਣਾਂ, ਦਸਮ ਗ੍ਰੰਥ ਅਤੇ ਗੁਰੂ ਗ੍ਰੰਥ ਸਾਹਿਬ ਵਿਚੋਂ ਅਣਗਿਣਤ ਹਵਾਲੇ ਦਿੱਤੇ ਗਏ ਹਨ।

ਸਿੱਖੀ ਅਤੇ ਪੰਜਾਬੀ ਦੇ ਵਿਸ਼ਵ ਗਿਆਨ ਕੋਸ਼ ਦਾ ਦਰਜਾ ਹਾਸਲ ਕਰਨ ਵਾਲਾ ਸ਼ਬਦ ਕੋਸ਼, ਮਹਾਨ ਕੋਸ਼, 14 ਸਾਲਾਂ ਦੀ ਖੋਜ ਤੋਂ ਬਾਅਦ 1926 ਵਿੱਚ ਮੁਕੰਮਲ ਹੋਇਆ। ਇਸ ਤੋਂ ਬਿਨਾਂ ਗੁਰਮਤ ਪ੍ਰਭਾਕਰ, ਗੁਰਮਤ ਸੁਧਾਕਰ, ਗੁਰਛੰਦ ਦੀਵਾਕਰ, ਗੁਰਸ਼ਬਦ ਆਲੰਕਾਰ, ਗੁਰਮਤ ਮਾਰਤੰਡ, ਸਰਾਬ ਨਿਸ਼ੇਧ, ਰੂਪ ਦੀਪ ਪਿੰਗਲ ਆਦਿ ਕਈ ਕਿਤਾਬਾਂ ਲਿਖੀਆਂ। ਆਪ ਨੇ ਬਚਪਨ ਤੇ ਜਵਾਨੀ ਵਿੱਚ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ, ਖ਼ਾਸ ਕਰ ਕੇ ਗੁਰਬਾਣੀ, ਸਿੱਖ ਤਵਾਰੀਖ਼ ਅਤੇ ਫ਼ਿਲਾਸਫ਼ੀ ਦਾ ਬਹੁਤ ਗਿਆਨ ਹਾਸਲ ਕੀਤਾ। 1883 ਵਿੱਚ ਆਪ ਲਾਹੌਰ ਚਲੇ ਗਏ ਜਿਥੇ ਆਪ ਦਾ ਮੇਲ ਪ੍ਰੋ. ਗੁਰਮੁਖ ਸਿੰਘ ਨਾਲ ਹੋਇਆ। ਇਸ ਨਾਲ ਹੀ ਆਪ ਸਿੰਘ ਸਭਾ ਲਹਿਰ ਦਾ ਹਿੱਸਾ ਬਣ ਗਏ। 1884 ਵਿੱਚ ਆਪ ਨੂੰ ਨਾਭਾ ਦੇ ਰਾਜੇ ਹੀਰਾ ਸਿੰਘ ਨੇ ਦਰਬਾਰ ਵਿੱਚ ਇੱਕ ਸੀਨੀਅਰ ਨੌਕਰੀ 'ਤੇ ਰੱਖ ਲਿਆ। 1888 ਵਿੱਚ ਆਪ ਨੂੰ ਕੰਵਰ ਰਿਪੁਦਮਨ ਸਿੰਘ ਦਾ ਟਿਊਟਰ ਬਣਾ ਦਿਤਾ ਗਿਆ। 1893 ਵਿੱਚ ਆਪ ਨਾਭਾ ਦੇ ਰਾਜੇ ਦੇ ਪੀ.ਏ. ਬਣਾਏ ਗਏ। 1895 ਵਿੱਚ ਆਪ ਨੂੰ ਮੈਜਿਸਟਰੇਟ ਲਾ ਦਿਤਾ ਗਿਆ। 1896 ਵਿੱਚ ਆਪ ਜ਼ਿਲ੍ਹਾ ਫੂਲ ਦੇ ਡਿਪਟੀ ਕਮਿਸ਼ਨਰ ਬਣਾਏ ਗਏ। 1875 ਵਿੱਚ ਇੱਕ ਹਿੰਦੂ ਸਾਧੂ ਦਯਾਨੰਦ ਨੇ ਬੰਬਈ (ਹੁਣ ਮੁੰਬਈ) ਵਿੱਚ ਆਰੀਆ ਸਮਾਜ ਦੀ ਨੀਂਹ ਰੱਖੀ। ਉਹ ਅਪ੍ਰੈਲ 1877 ਵਿੱਚ ਪੰਜਾਬ ਵੀ ਆਇਆ। ਜੂਨ ਵਿੱਚ ਲਾਹੌਰ ਵਿੱਚ ਵੀ ਦਯਾਨੰਦ ਦੀ ਬ੍ਰਾਂਚ ਬਣ ਗਈ। ਕੁੱਝ ਚਿਰ ਬਾਅਦ ਸਾਧੂ ਦਯਾ ਨੰਦ ਦੀ ਕਿਤਾਬ ਸਤਿਆਰਥ ਪ੍ਰਕਾਸ਼ਕ ਵੀ ਛਪ ਕੇ ਆ ਗਈ। ਇਸ ਕਿਤਾਬ ਵਿੱਚ ਗੁਰੂ ਨਾਨਕ ਸਾਹਿਬ ਅਤੇ ਦੂਜੇ ਧਰਮਾਂ ਦੇ ਮੋਢੀਆਂ, ਆਗੂਆਂ ਤੇ ਪ੍ਰਚਾਰਕਾਂ ਵਿਰੁੱਧ ਘਟੀਆ ਲਫ਼ਜ਼ ਲਿਖੇ ਹੋਏ ਸਨ। ਜਦੋਂ ਸਿੱਖਾਂ ਹੀ ਨਹੀਂ ਬਲਕਿ ਕੁੱਝ ਸਿਆਣੇ ਹਿੰਦੂਆਂ ਨੇ ਵੀ ਉਸ ਦਾ ਧਿਆਨ ਇਸ ਪਾਸੇ ਵੱਲ ਦਿਵਾਇਆ ਤਾਂ ਉਸ ਨੇ ਵਾਅਦਾ ਕੀਤਾ ਕਿ ਅਗਲੀ ਐਡੀਸ਼ਨ ਸੋਧ ਕੇ ਛਾਪੀ ਜਾਵੇਗੀ। ਪਰ ਦਯਾ ਨੰਦ 1883 ਵਿੱਚ ਮਰ ਗਿਆ। ਉਸ ਮਗਰੋਂ ਤਾਂ ਕੱਟੜ

ਫ਼ਿਰਕੂ ਆਰੀਆ ਸਮਾਜੀ ਅੰਸਰ ਨੇ ਇਸ ਵਿੱਚ ਸੋਧ ਕਰਨ ਤੋਂ ਨਾਂਹ ਕਰ ਦਿਤੀ। ਜੂਨ 2006 ਵਿੱਚ ਫਿਰ ਇਸ ਦੇ ਇੱਕ ਮੁਖੀ ਨੇ ਇਹ ਸੋਧ ਕਰਨ ਬਾਰੇ ਵਾਅਦਾ ਕੀਤਾ ਪਰ 'ਪਰਨਾਲਾ ਉਥੇ ਦਾ ਉਥੇ' ਹੀ ਰਿਹਾ। ਮਗਰੋਂ 1897 ਵਿੱਚ ਆਰੀਆ ਸਮਾਜ ਦੇ ਇੱਕ ਗਰੁੱਪ ਨੇ ਫਿਰ ਸਿੱਖਾਂ ਨੂੰ ਆਪਣੇ ਵਲ ਖਿੱਚਣ ਵਾਸਤੇ ਲਿਖਿਆ ਕਿ ਦਯਾ ਨੰਦ ਨੂੰ ਗੁਰਮੁਖੀ ਦੀ ਜਾਣਕਾਰੀ ਨਹੀਂ ਸੀ ਤੇ ਉਸ ਦੇ ਸਿੱਖ ਗੁਰੂਆਂ ਬਾਰੇ ਲਫ਼ਜ਼ ਦੂਜੇ ਦਰਜੇ ਦੀ ਜਾਣਕਾਰੀ 'ਤੇ ਆਧਾਰਤ ਸਨ। ਇਸ ਸਫ਼ਾਈ ਮਗਰੋਂ ਫਿਰ ਕੁੱਝ ਸਿੱਖ ਇਨ੍ਹਾਂ ਨਾਲ ਜੁੜ ਗਏ। ਇਨ੍ਹਾਂ ਵਿਚੋਂ ਮੁੱਖ ਸਨ: ਜਗਤ ਸਿੰਘ ਤੇ ਬਾਵਾ ਨਾਰਾਇਣ ਸਿੰਘ। ਬਾਵਾ ਨਾਰਾਇਣ ਸਿੰਘ ਗ਼ਰੀਬ ਹੋਣ ਕਰ ਕੇ ਪੈਸੇ ਦਾ ਮੁਹਤਾਜ ਸੀ; ਆਰੀਆ ਸਮਾਜੀਆਂ ਨੇ ਇਹ ਤਾੜ ਲਿਆ ਅਤੇ ਉਸ ਦੀ ਬਹੁਤ ਮਾਲੀ ਮਦਦ ਕੀਤੀ। ਇਸ ਮਗਰੋਂ ਉਸ ਨੇ ਤਾਂ ਇਥੋਂ ਤੱਕ ਲਿਖ ਮਾਰਿਆ ਕਿ ਸਿੱਖ ਧਰਮ ਆਰੀਆ ਸਮਾਜ ਦਾ ਮੁਢਲਾ ਪੜਾਅ ਸੀ। ਇਸ ਮਗਰੋਂ 1899 ਵਿੱਚ ਲਾਲਾ ਠਾਕਰ ਦਾਸ ਅਤੇ ਭਾਈ ਨਾਰਾਇਣ ਸਿੰਘ ਨੇ *ਸਿੱਖ ਹਿੰਦੂ ਹੈਨ* ਕਿਤਾਬਚੀ ਲਿਖ ਕੇ ਨਵੀਂ ਚਰਚਾ ਛੇੜ ਦਿਤੀ। ਭਾਈ ਕਾਨ੍ਹ ਸਿੰਘ ਨਾਭਾ ਨੇ *ਹਮ ਹਿੰਦੂ ਨਹੀਂ* ਲਿਖ ਕੇ ਇਸ ਦਾ ਮੂੰਹ ਤੋੜ ਜਵਾਬ ਦਿਤਾ। ਭਾਈ ਕਾਨ੍ਹ ਸਿੰਘ ਦੀ ਕਿਤਾਬ ਨੇ ਹਿੰਦੂਆਂ ਦੀ ਸਿੱਖਾਂ ਨੂੰ ਜਜ਼ਬ ਕਰਨ ਦੀ ਸਾਜ਼ਸ਼ ਨੂੰ ਫ਼ੇਲ ਕਰ ਦਿਤਾ। ਇਸ ਕਿਤਾਬ ਤੋਂ ਫ਼ਿਰਕੂ ਹਿੰਦੂ ਏਨੇ ਔਖੇ ਹੋਏ ਕਿ ਉਹਨਾਂ ਨੇ ਭਾਈ ਕਾਨ੍ਹ ਸਿੰਘ ਨਾਭਾ ਵਿਰੁਧ 'ਜਹਾਦ' ਸ਼ੁਰੂ ਕਰ ਦਿਤਾ। ਉਦੋਂ ਨਾਭੇ ਦਾ ਰਾਜਾ ਹੀਰਾ ਸਿੰਘ ਹਿੰਦੂਆਂ ਦਾ ਪਿਛਲੱਗ ਬਣਿਆ ਹੋਇਆ ਸੀ ਤੇ ਉਹ ਆਪਣੀ ਧੀ ਰਿਪੁਦਮਨ ਕੌਰ ਦਾ ਵਿਆਹ ਧੌਲਪੁਰ ਦੇ ਹਿੰਦੂ ਰਾਜੇ ਨਾਲ ਕਰਨਾ ਚਾਹੁੰਦਾ ਸੀ। ਜਦ ਭਾਈ ਕਾਨ੍ਹ ਸਿੰਘ ਨੇ ਵੇਖਿਆ ਕਿ ਹੁਣ ਰਾਜਾ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਔਖਾ ਹੋਇਆ ਫਿਰਦਾ ਹੈ ਤਾਂ ਉਸ ਨੇ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿਤਾ। ਇਸ ਮਗਰੋਂ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖ ਫ਼ਲਸਫ਼ੇ ਬਾਰੇ ਕਿਤਾਬਾਂ ਲਿਖਣੀਆਂ ਸ਼ੁਰੂ ਕੀਤੀਆਂ ਅਤੇ 'ਗੁਰਮਤਿ ਪ੍ਰਭਾਕਰ' ਤੇ 'ਗੁਰਮਤਿ ਸੁਧਾਕਰ' ਲਿਖੀਆਂ। ਕੁੱਝ ਚਿਰ ਪਹਿਲਾਂ ਆਪ ਦਾ ਮੇਲ ਆਇਰਲੈਂਡ ਦੇ ਇੱਕ ਸੀਨੀਅਰ ਅਫ਼ਸਰ ਮੈਕਸ ਆਰਥਰ ਮੈਕਾਲਿਫ਼ ਨਾਲ ਹੋਇਆ। ਮੈਕਾਲਿਫ਼ ਨੇ ਭਾਈ ਜੀ ਦੀ ਮਦਦ ਨਾਲ ਸਿੱਖ ਧਰਮ ਬਾਰੇ ਬਹੁਤ ਕੁੱਝ ਲਿਖਿਆ। ਇਹ ਸਾਰਾ ਕੁੱਝ 1905 ਵਿੱਚ 'ਸਿੱਖ ਰਿਲੀਜਨ' ਨਾਂ ਦੀ ਕਿਤਾਬ ਦੇ ਰੂਪ ਵਿੱਚ ਛੇ ਜਿਲਦਾਂ ਵਿੱਚ ਛਪਿਆ। ਕਿਉਂਕਿ ਭਾਈ ਜੀ ਨੇ ਮੈਕਾਲਿਫ਼ ਦੀ ਬਹੁਤ ਮਦਦ ਕੀਤੀ ਸੀ ਇਸ ਕਰ ਕੇ ਉਹ ਇਸ ਕਿਤਾਬ ਦਾ ਕਾਪੀ ਰਾਈਟ ਭਾਈ ਜੀ ਨੂੰ ਦੇ ਗਏ ਸਨ। 6 ਫ਼ਰਵਰੀ, 1926 ਦੇ ਦਿਨ, ਸਾਢੇ 13 ਸਾਲ ਦੀ ਮਿਹਨਤ ਮਗਰੋਂ, ਮਹਾਨ ਕੋਸ਼ ਮੁਕੰਮਲ ਹੋ ਗਿਆ। ਇਸ ਦੀ ਛਪਾਈ ਪਟਿਆਲਾ ਦੇ ਰਾਜੇ ਭੁਪਿੰਦਰਾ ਸਿੰਘ ਨੇ ਆਪਣੇ ਖ਼ਰਚੇ 'ਤੇ ਕਰਵਾਈ। ਦੁਨੀਆਂ ਦੇ ਹਰ ਇੱਕ ਸਿੱਖ ਲੇਖਕ ਅਤੇ ਸਿੱਖ ਧਰਮ ਤੇ ਤਵਾਰੀਖ਼ ਦੇ ਹਰ ਸਿੱਖ ਤੇ ਗ਼ੈਰ-ਸਿੱਖ ਲੇਖਕ ਨੇ ਆਪਣੀਆਂ ਰਚਨਾਵਾਂ ਵਾਸਤੇ ਮਹਾਨ ਕੋਸ਼ ਦੀ ਮਦਦ ਜ਼ਰੂਰ ਲਈ ਹੈ। ਭਾਈ ਕਾਨ੍ਹ ਸਿੰਘ ਨੇ ਇਸ ਤੋਂ ਇਲਾਵਾ ਗੁਰਮਤਿ ਮਾਰਤੰਡ, ਗੁਰੂ ਛੰਦ ਅਲੰਕਾਰ, ਗੁਰੂ ਗਿਰਾ ਕਸੌਟੀ, ਸ਼ਬਦ ਅਲੰਕਾਰ, ਰਾਜ ਧਰਮ ਕਿਤਾਬਾਂ ਅਤੇ ਬਹੁਤ ਸਾਰੇ ਲੇਖ ਵੀ ਲਿਖੇ ਸਨ। ਭਾਈ ਕਾਨ੍ਹ ਸਿੰਘ ਸਹੀ ਮਾਇਨਿਆਂ ਵਿੱਚ ਪੰਥ ਰਤਨ ਸਨ। ਮਗਰੋਂ ਇਸ ਦੀ ਛਪਾਈ ਵੀ ਪਟਿਆਲਾ ਰਿਆਸਤ ਵੱਲੋਂ ਹੀ ਕੀਤੀ ਗਈ ਸੀ।

ਸਿੱਖ ਧਰਮ ਵਿਚਲੇ ਜੀਵਨ ਦੇ ਉਦੇਸ਼ ਅਤੇ ਗੁਰਬਾਣੀ ਦੇ ਡੂੰਘੇ ਰਹੱਸ ਦੀ ਵਿਆਖਿਆ ਲਈ ਅਨੇਕ ਵਿਦਵਾਨ ਅਤੇ ਵਿਆਖਿਆਕਾਰ ਹੋਏ ਹਨ, ਪਰ ਭਾਈ ਗੁਰਦਾਸ ਜੀ ਤੋਂ ਬਾਅਦ ਸਿੱਖ ਵਿਆਖਿਆਕਾਰਾਂ ਅਤੇ ਵਿਦਵਾਨਾਂ ਦੀ ਜੇਕਰ ਸੂਚੀ ਬਣਾ ਲਈ ਜਾਵੇ ਤਾਂ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ (ਮਹਾਨਕੋਸ਼) ਦੇ ਕਰਤਾ ਲਈ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਅਸਮਾਨ ਵਿਚਲੇ ਤਾਰਿਆਂ ਵਿਚ ਚੰਦਰਮਾ ਦੀ ਤਰ੍ਹਾਂ ਸੱਭ ਤੋਂ ਉੱਪਰ ਆਉਂਦਾ ਹੈ। ਉਹ ਅਪਣੇ ਸਮੇਂ (1861-1938) ਦੀਆਂ ਸ਼੍ਰੋਮਣੀ ਸ਼ਖ਼ਸੀਅਤਾਂ ਵਿਚੋਂ ਪ੍ਰਮੁੱਖ ਸਨ। ਉਨ੍ਹਾਂ ਦਾ ਜੱਦੀ ਪਿੰਡ ਪਿਥੋ (ਜ਼ਿਲ੍ਹਾ ਬਠਿੰਡਾ) ਦੇ ਸਨ।

30 ਅਗਸਤ 1861 ਨੂੰ ਪਿੰਡ ਬਨੇਰਾ ਖੁਰਦ ਰਿਆਸਤ ਪਟਿਆਲਾ ਮਾਤਾ ਹਰਿ ਕੌਰ ਅਤੇ ਪਿਤਾ ਨਾਰਾਇਣ ਸਿੰਘ ਜੀ ਦੇ ਗ੍ਰਿਹ ਵਿਖੇ ਪੈਦਾ ਹੋਏ, ਇਸ ਚਾਨਣ ਮੁਨਾਰੇ ਦੀ ਖ਼ਾਨਦਾਨੀ ਪਰੰਪਰਾ ਮਹਾਰਾਜਾ ਰਣਜੀਤ ਸਿੰਘ ਦੇ ਮੁਸਾਹਿਬ ਬਾਬਾ ਨੈਧ ਸਿੰਘ ਜੀ ਨਾਲ ਜਾ ਮਿਲਦੀ ਹੈ। ਆਪ ਦੇ ਪਿਤਾ ਬਾਬਾ ਨਾਰਾਇਣ ਸਿੰਘ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਸਾਰਾ ਪਾਠ ਕੰਠ ਸੀ। ਤਿੰਨ ਵਾਰ ਆਪ ਨੇ ਇਕੱਲਿਆਂ ਬੈਠ ਕੇ 'ਅਤਿ ਅਖੰਡ' ਪਾਠ ਕੀਤਾ। ਇਕ ਵਾਰ ਇਕ ਪਾਠ ਮਹਾਰਾਜਾ ਹੀਰਾ ਸਿੰਘ (ਨਾਭਾ ਰਿਆਸਤ) ਨੇ ਪ੍ਰੇਮ ਭਾਵ ਨਾਲ ਸੁਣਿਆ।

ਪਾਠ ਦੇ ਭੋਗ ਉਪਰੰਤ ਜਦੋਂ ਬਾਬਾ ਜੀ ਪਾਲਕੀ ਵਿਚ ਬੈਠ ਡੇਰੇ ਜਾਣ ਲੱਗੇ ਤਾਂ ਮਹਾਰਾਜਾ ਹੀਰਾ ਸਿੰਘ ਨੇ ਪਾਲਕੀ ਦੇ ਇਕ ਕਹਾਰ ਨੂੰ ਹਟਾ ਕੇ ਅਪਣੇ ਮੋਢੇ ਉੱਤੇ ਪਾਲਕੀ ਉਠਾਈ, ਜਿਸ ਤੇ ਮਹਾਰਾਜੇ ਦੇ ਦਿਲ ਵਿਚ ਬਾਬਾ ਜੀ ਲਈ ਅਥਾਹ ਸ਼ਰਧਾ ਦਾ ਪਤਾ ਲਗਦਾ ਹੈ। ਭਾਈ ਕਾਨ੍ਹ ਸਿੰਘ ਦਾ ਨਾਭਾ ਦਾ ਵਿਆਹ ਪਿੰਡ ਰਾਮਗੜ੍ਹ ਰਿਆਸਤ ਪਟਿਆਲਾ ਵਿਚ ਹਰਦਮ ਸਿੰਘ ਦੀ ਸਪੁੱਤਰੀ ਬੀਬੀ ਬਸੰਤ ਕੌਰ ਨਾਲ ਹੋਇਆ। ਇਨ੍ਹਾਂ ਦੀ ਕੁੱਖੋਂ ਆਪ ਦੇ ਇਕਲੌਤੇ ਸਪੁੱਤਰ ਸਵਰਗੀ ਭਾਈ ਭਗਵੰਤ ਸਿੰਘ (ਹਰੀ ਜੀ) ਦਾ ਜਨਮ 1892 ਵਿਚ ਹੋਇਆ।

ਸਾਹਿਤਕ ਦ੍ਰਿਸ਼ਟੀ ਤੋਂ ਉਹ ਇਕ ਦੇਸ਼ਭਗਤ ਸਨ। ਉਨ੍ਹਾਂ ਦੇ ਵਿਚਾਰਾਂ 'ਤੇ ਭਾਰਤੀ ਪਰੰਪਰਾ ਅਤੇ ਆਧੁਨਿਕਤਾ ਦਾ ਪ੍ਰਭਾਵ ਇਕ ਸਮਾਨ ਸੀ। ਆਪ ਨੇ ਵਿਅਕਤੀਗਤ ਪੱਧਰ ਉੱਤੇ ਐਨਾ ਕਾਰਜ ਕੀਤਾ ਹੈ ਜਿੰਨਾ ਕਿ ਕਿਸੇ ਸੰਸਥਾ ਵਲੋਂ ਕੀਤਾ ਗਿਆ ਹੁੰਦਾ ਹੈ। ਉਹ ਪੰਜਾਬੀ ਦੇ ਪ੍ਰਤਿਭਾਵਾਨ ਅਤੇ ਸ੍ਰੇਸ਼ਟ ਸਾਹਿਤਕਾਰ, ਗੁਰਮਤਿ ਖੋਜੀ, ਵਿਦਵਾਨ ਵਿਆਖਿਆਕਾਰ, ਵਿਗਿਆਨਕ ਕੋਸ਼ਕਾਰ, ਟੀਕਾਕਾਰ, ਭਾਸ਼ਾ ਵਿਗਿਆਨੀ, ਕਾਵਿ ਅਚਾਰੀਆ ਤੇ ਸੁਚੱਜੇ ਸੰਪਾਦਕ ਸਨ। ਭਾਈ ਭੂਪ ਸਿੰਘ, ਭਾਈ ਭਗਵਾਨ ਸਿੰਘ ਦੁੱਗ, ਜਵਾਹਰ ਸਿੰਘ ਤੇ ਬਾਵਾ ਕਲਿਆਣ ਦਾਸ ਵਰਗੇ ਪ੍ਰਸਿੱਧ ਵਿਦਵਾਨਾਂ ਪਾਸੋਂ ਸੰਸਕ੍ਰਿਤ, ਫਾਰਸੀ,

ਗੁਰਮਤ ਕਾਵਯ, ਇਤਿਹਾਸ, ਨਿਆਏ ਤੇ ਵੇਦਾਂਤ ਦੀ ਸਿਖਿਆ ਗ੍ਰਿਹਣ ਕੀਤੀ। ਉਹ ਸ਼ਿਕਾਰ ਦੇ ਸ਼ੌਕੀਨ ਤੇ ਸੰਗੀਤ ਪ੍ਰੇਮੀ ਵੀ ਸਨ। ਨਾਭੇ ਦੇ ਪ੍ਰਸਿੱਧ ਸੰਗੀਤਾਚਾਰਯ ਮਹੰਤ ਗੱਜਾ ਸਿੰਘ ਪਾਸੋਂ ਸੰਗੀਤ ਦੀ ਸਿਖਿਆ ਪ੍ਰਾਪਤ ਕੀਤੀ।ਭਾਈ ਸਾਹਿਬ ਨੇ ਨਾਭਾ ਰਿਆਸਤ ਦੀ 1886-1923 ਤਕ ਵੱਖ-ਵੱਖ ਅਹੁਦਿਆਂ 'ਤੇ ਸੇਵਾ ਕੀਤੀ, ਜਿਵੇਂ ਕਿ ਪ੍ਰਾਈਵੇਟ ਸਕੱਤਰ, ਸਿਟੀ ਮੈਜਿਸਟਰੇਟ, ਨਹਿਰ-ਨਾਜ਼ਮ, ਨਾਜ਼ਮ (ਡਿਪਟੀ ਕਮਿਸ਼ਨਰ), ਮੀਰ-ਮੁਨਸ਼ੀ, ਫ਼ਾਰਨ ਮਨਿਸਟਰ, ਹਾਈ ਕੋਰਟ ਦੇ ਜੱਜ ਅਤੇ ਜੁਡੀਸ਼ਲ ਕੌਂਸਲ ਦੇ ਮੈਂਬਰ ਆਦਿ। ਪਟਿਆਲਾ ਰਿਆਸਤ ਦੀ ਪੋਲੀਟੀਕਲ ਏਜੰਸੀ ਦੇ ਵਕਾਲਤ ਦੇ ਅਹੁਦੇ 'ਤੇ 1915-1917 ਤਕ ਕੰਮ ਕੀਤਾ। ਪ੍ਰਸਿੱਧ ਵਿਦਵਾਨ ਮਿਸਟਰ ਮੈਕਾਲਫ਼ (ਇੰਗਲੈਂਡ), ਮਹਾਰਾਜਾ ਰਿਪੁਦਮਨ ਸਿੰਘ (ਨਾਭਾ ਰਿਆਸਤ) ਅਤੇ ਉਨ੍ਹਾਂ ਦੀ ਮਹਾਰਾਣੀ ਸਰੋਜਨੀ ਦੇਵੀ ਭਾਈ ਸਾਹਿਬ ਦੇ ਪ੍ਰਮੁੱਖ ਸ਼ਿਸ਼ ਸਨ।

ਭਾਈ ਸਾਹਿਬ ਪੁਰਾਤਨ ਵਿਸ਼ਿਆਂ ਦੇ ਪੁੰਜ ਹੁੰਦੇ ਹੋਏ ਵੀ ਆਧੁਨਿਕ ਯੁਗ ਦੇ ਵਸਨੀਕ ਸਨ ਅਤੇ ਵਿਦਿਆ ਦੇ ਆਧੁਨਿਕ ਮਾਪਾਂ ਤੇ ਮਿਆਰਾਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਉਨ੍ਹਾਂ ਦੀਆਂ ਪ੍ਰਕਾਸ਼ਤ/ਅਪ੍ਰਕਾਸ਼ਤ ਰਚਨਾਵਾਂ ਦੀ ਗਿਣਤੀ ਦੋ ਦਰਜਨ ਤੋਂ ਉਪਰ ਬਣਦੀ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਲੇਖਕ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਕੋਈ ਵਿਸ਼ੇਸ਼ ਥਾਂ ਨਹੀਂ ਦਿਤੀ ਗਈ ਅਤੇ ਸਾਹਿਤ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪੂਰੀਆਂ ਲਿਖਤਾਂ ਦੇ ਨਾਂ ਤਕ ਵੀ ਪਤਾ ਨਹੀਂ। ਪੰਜਾਬ ਦੇ ਹੁਣ ਤਕ ਦੇ ਪ੍ਰਵਾਨਤ ਵਿਦਵਾਨ ਵੀ ਭਾਈ ਸਾਹਿਬ ਦੀ ਸਮੁੱਚੀ ਸਾਹਿਤਕ ਦੇਣ ਦੇ ਅਧਿਐਨ ਵਲ ਬਹੁਤਾ ਧਿਆਨ ਨਹੀਂ ਦੇ ਸਕੇ।

ਭਾਈ ਸਾਹਿਬ ਨੇ ਪਹਿਲਾਂ ਪਰੰਪਰਾਵਾਦੀ ਰਿਵਾਜ ਦੇ ਅਨੁਸਾਰ ਬ੍ਰਜੀ ਅਤੇ ਦੇਵਨਾਗਰੀ ਭਾਸ਼ਾ ਦੇ ਅਸਰ ਅਧੀਨ ਉੱਨ੍ਹੀਵੀਂ ਸਦੀ ਦੇ ਅਖ਼ੀਰਲੇ ਦਹਾਕੇ ਵਿਚ 'ਰਾਜ ਧਰਮ', 'ਟੀਕਾ ਜੈਮਨੀ ਅਸ਼ਵੇਧ' ਤੇ 'ਨਾਟਕ ਭਾਵਾਰਥ ਦੀਪਕਾ' ਆਦਿ

ਪੁਸਤਕਾਂ ਦੇ ਰੂਪ ਵਿਚ ਸਾਹਿਤਕ ਰਚਨਾ ਅਰੰਭੀ। ਗੁਰਮਤਿ ਪ੍ਰਚਾਰ ਹਿਤ ਸਿੰਘ ਸਭਾ ਲਹਿਰ ਦੇ ਅਸਰ ਅਧੀਨ 'ਹਮ ਹਿੰਦੂ ਨਹੀਂ', 'ਗੁਰੁਮਤ ਸੁਧਾਕਰ', 'ਗੁਰੁਮਤ ਪ੍ਰਭਾਕਰ', 'ਗੁਰੁ-ਗਿਰ੍ਹਾ ਕਸੌਟੀ' ਅਤੇ ਗੁਰਬਾਣੀ ਦਾ ਸਾਹਿਤਕ ਪੱਖ ਰੋਸ਼ਨ ਕਰਨ ਲਈ 'ਗੁਰੁਛੰਦ ਦਿਵਾਕਰ' ਤੇ 'ਗੁਰੁਸ਼ਬਦਾਲੰਕਾਰ' ਪੁਸਤਕਾਂ ਦੀ ਰਚਨਾ ਕਰ ਕੇ ਛੰਦ-ਸ਼ਾਸਤਰੀ ਅਤੇ ਅਲੰਕਾਰ ਸ਼ਾਸਤਰੀ ਹੋਣ ਦਾ ਗੌਰਵਮਈ ਸਬੂਤ ਦਿਤਾ।

'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਸਿੱਖ ਸੰਸਾਰ ਦਾ ਇਕ ਪ੍ਰਕਾਰ ਦਾ ਵਿਸ਼ਵ ਕੋਸ਼ ਅਥਵਾ ਇਨਸਾਈਕਲੋਪੀਡੀਆ ਭਾਈ ਸਾਹਿਬ ਦੀ ਪੂਰੀ ਜ਼ਿੰਦਗੀ ਦੀ ਮਿਹਨਤ ਦਾ ਸਿੱਟਾ ਕਿਹਾ ਜਾ ਸਕਦਾ ਹੈ, ਜਿਸ ਨੂੰ ਹਿਜ਼ ਹਾਈਨੈਸ ਮਹਾਰਾਜਾ ਭੁਪਿੰਦਰ ਸਿੰਘ ਰਿਆਸਤ ਪਟਿਆਲਾ ਨੇ ਦਰਬਾਰ ਪਟਿਆਲਾ ਵਲੋਂ 1930 ਵਿਚ ਪ੍ਰਕਾਸ਼ਤ ਕਰਵਾਇਆ। ਇਹ ਸਿਰਫ਼ ਗੁਰਬਾਣੀ ਅਤੇ ਸਿਖ ਧਰਮ ਤਕ ਹੀ ਸੀਮਤ ਨਹੀਂ, ਸਗੋਂ ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਨੂੰ ਸਮਝਣ ਲਈ ਵੀ ਇਕ ਅਨੁਪਮ ਗ੍ਰੰਥ ਹੈ। ਕੋਸ਼ਕਾਰੀ ਦੇ ਖੇਤਰ ਵਿਚ ਭਾਈ ਸਾਹਿਬ ਨੂੰ ਪੱਥ-ਪ੍ਰਦਰਸ਼ਕ ਵੀ ਮੰਨਿਆ ਜਾ ਸਕਦਾ ਹੈ ਅਤੇ ਆਦਰਸ਼ ਵੀ।

ਜਿਵੇਂ ਜੌਹਨਸਨ ਨੇ ਅੰਗਰੇਜ਼ੀ ਡਿਕਸ਼ਨਰੀ ਨੂੰ ਸਥਾਪਤ ਕੀਤਾ, ਉਵੇਂ ਭਾਈ ਕਾਨ੍ਹ ਸਿੰਘ ਨੇ ਸਿੱਖ ਮਹਾਨ ਕੋਸ਼ ਨੂੰ ਸਥਾਪਤ ਕਰ ਕੇ ਸਿੱਖਾਂ ਅਤੇ ਪੰਜਾਬੀਆਂ ਨੂੰ, ਦੁਨੀਆਂ ਭਰ ਵਿਚ ਪਹਿਲੇ ਨੰਬਰ 'ਤੇ ਖੜਾ ਕਰ ਦਿਤਾ ਕਿਉਂ ਜੋ ਦੁਨੀਆਂ ਭਰ ਦੀਆਂ ਡਿਕਸ਼ਨਰੀਆਂ ਵਿਚ ਮਹਾਨਕੋਸ਼ ਦੀ ਗਿਣਤੀ ਬਾਰ੍ਹਵੇਂ ਨੰਬਰ 'ਤੇ ਆਉਂਦੀ ਹੈ। ਪ੍ਰਸਿੱਧ ਵਿਦਵਾਨ ਮਿਸਟਰ ਮੈਕਾਲਫ਼ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਸਿੱਖ ਰਿਲੀਜਨ' ਨੂੰ ਸੰਪੂਰਨ ਕਰਨ ਲਈ ਭਾਈ ਸਾਹਿਬ ਨੇ ਨਿਰੰਤਰ ਪ੍ਰੇਰਨਾ ਅਤੇ ਨਿਸ਼ਕਾਮ ਸੇਵਾ ਪ੍ਰਦਾਨ ਕੀਤੀ। ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਵਿਚ ਅਤੇ ਉਸ ਨੂੰ ਪੱਕੇ ਪੈਰੀਂ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ।

ਰਾਜਨੀਤੀ ਦੇ ਖੇਤਰ ਵਿਚ ਆਪ ਦੀ ਯੋਗਤਾ ਨੂੰ ਮੁੱਖ ਰਖਦੇ ਹੋਏ ਮਹਾਰਾਜਾ ਹੀਰਾ ਸਿੰਘ ਨੇ ਆਪ ਦਾ 'ਉਪਨਾਮ' ਨੀਤੀ ਜੀ ਰਖਿਆ ਹੋਇਆ ਸੀ। ਆਪ ਨੂੰ ਸਰਬਪੱਖੀ ਵਿਦਵਤਾ ਅਤੇ ਸਰਬਾਂਗੀ ਸ਼ਖ਼ਸੀਅਤ ਕਰ ਕੇ ਸਿੱਖ ਕੌਮ ਵਿਚ 'ਭਾਈ ਸਾਹਿਬ', ਪੰਥ ਰਤਨ ਅਤੇ ਸਰਦਾਰ ਬਹਾਦਰ ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ। ਭਾਈ ਸਾਹਿਬ ਦੇ ਘਰਾਣੇ ਵਿਚੋਂ ਉਨ੍ਹਾਂ ਦੇ ਪੁੱਤਰ ਭਗਵੰਤ ਸਿੰਘ (ਹਰੀ ਜੀ), ਭਾਈ ਸਾਹਿਬ ਦੀ ਨੂੰਹ ਬੀਬੀ ਹਰਨਾਮ ਕੌਰ ਅਤੇ ਪੋਤ ਨੂੰਹ ਡਾ. ਰਛਪਾਲ ਕੌਰ ਨੇ ਵੀ ਅਪਣੀਆਂ ਸੇਵਾਵਾਂ ਦੁਆਰਾ ਪੰਜਾਬੀ ਸਾਹਿਤ ਭੰਡਾਰ ਵਿਚ ਵਡਮੁੱਲਾ ਯੋਗਦਾਨ ਪਾਇਆ।

ਨਾਭੇ ਦੇ ਇਸ ਵਿਦਵਾਨ ਘਰਾਣੇ ਵਿਚੋਂ ਹੀ ਹੁਣ ਅੱਗੇ ਭਾਈ ਸਾਹਿਬ ਦੇ ਪੜਪੋਤੇ ਮੇਜਰ ਆਦਰਸ਼ਪਾਲ ਸਿੰਘ ਅਤੇ ਮੇਜਰ ਸਾਹਿਬ ਦੀ ਹੋਣਹਾਰ ਸਪੁੱਤਰੀ ਬੀਬੀ ਰੁਪਿਕਾ ਵੀ ਸਾਹਿਤਕ ਰੁਚੀਆਂ ਦੇ ਧਾਰਨੀ ਹਨ। ਭਾਈ ਸਾਹਿਬ ਦੀ ਦ੍ਰਿਸ਼ਟੀ ਵਿਸ਼ਵਵਿਆਪੀ, ਆਦਰਸ਼ਵਾਦੀ ਅਤੇ ਵਿਗਿਆਨਕ ਹੈ। ਸੁਧਾਰਵਾਦੀ ਰੁਚੀ ਅਧੀਨ ਆਪ ਦਾ ਮੁੱਖ ਮੰਤਵ ਭਾਰਤੀ ਲੋਕਾਂ ਦਾ ਉਥਾਨ, ਸੁਧਾਰ ਅਤੇ ਕਲਿਆਣ ਕਰਨਾ ਸੀ। ਉਨ੍ਹਾਂ ਵਲੋਂ ਰਚਿਆ ਸਾਹਿਤ ਸਦੀਆਂ ਤਕ ਮਾਰਗ ਦਰਸ਼ਨ ਕਰਨ ਦੀ ਸਮਰਥਾ ਰਖਦਾ ਹੈ।

ਪ੍ਰੋ.ਸਾਹਿਬ ਸਿੰਘ
- ਬਲਦੀਪ ਸਿੰਘ ਰਾਮੂੰਵਾਲੀਆ

20 ਵੀਂ ਸਦੀ ਦੇ ਗੁਰਬਾਣੀ ਦੀ ਗੁਰਮਤਿ ਤੇ ਵਿਆਕਰਣ ਅਨੁਸਾਰ ਵਿਆਖਿਆ ਦੇ ਧੁਰੰਤਰ ਵਿਦਵਾਨ , ਵਾਰਤਕ ਦੇ ਨਿਪੁੰਨ ਲੇਖਕ , ਗੁਰਮਤਿ ਅਨੁਸਾਰੀ ਸਿੱਖ ਇਤਿਹਾਸ ਲਿਖਣ ਵਾਲੇ ਸੁਘੜ ਦਾਰਸ਼ਨਿਕ , ਗੁਰਮਤਿ ਅਨੁਸਾਰੀ ਜੀਵਨ

ਜੀਣ ਵਾਲੇ , ਮਹਾਨ ਗੁਰਸਿੱਖ ਪ੍ਰੋ.ਸਾਹਿਬ ਸਿੰਘ ਜੀ ਹੁਣਾ ਦਾ ਜਨਮ 16 ਫਰਵਰੀ 1892 ਈਸਵੀ ਨੂੰ ਪਿੰਡ ਫੱਤੇਵਾਲੀ , ਜਿਲ੍ਹਾ ਸਿਆਲਕੋਟ ਵਿੱਚ ਭਾਈ ਹੀਰਾ ਨੰਦ ਦੇ ਘਰ, ਮਾਤਾ ਨਿਹਾਲ ਦੇਈ ਦੀ ਕੁਖੋਂ ਹੋਇਆ ।

ਹਿੰਦੂ ਪਰਿਵਾਰ ਵਿੱਚ ਜਨਮ ਲੈਣ ਕਰਕੇ ਆਪ ਦਾ ਪਹਿਲਾਂ ਨਾਮ ਨੱਥੂ ਰਾਮ ਸੀ। ਮੁੱਢਲੀ ਵਿੱਦਿਆ ਲਈ ਪਹਿਲਾਂ ਪੰਜਾਬੀ ਦੇ ਸ਼ਾਹ ਕਾਰ ਕਵੀ ਮੀਆਂ ਹਾਸ਼ਮ ਸ਼ਾਹ ਦੇ ਪੁਤਰ ਮੀਆਂ ਹਯਾਤ ਕੋਲ ਥਰਪਾਲ ਪੜ੍ਹਨ ਬੈਠਾਇਆ , ਫਿਰ ਕੁਝ ਸਮੇਂ ਬਾਅਦ ਰਈਏ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਲੱਗੇ ਤੇ ਇਥੋਂ 1902 ਵਿੱਚ ਪੰਜਵੀਂ ਜਮਾਤ ਪਾਸ ਕੀਤੀ।ਕਾਜੀ ਜਲਾਲਦੀਨ ਦੀ ਹੱਲਾ ਸ਼ੇਰੀ ਸਦਕਾ , ਭਾਈ ਹੀਰਾ ਨੰਦ ਨੇ ਘਰ ਦੀ ਗਰੀਬੀ ਦੀ ਪਰਵਾਹ ਨ ਕਰਦਿਆਂ ਮਿਡਲ ਦੀ ਪੜ੍ਹਾਈ ਲਈ ਗੋਤਾ ਫਤਹਗੜ੍ਹ ਦੇ ਵਰਨੈਕੁਲਰ ਮਿਡਲ ਸਕੂਲ ਵਿੱਚ ਭਰਤੀ ਕਰਵਾਇਆ।

ਪਿੰਡ ਢੇਹ ਦੇ ਬਹੁਤੇ ਸਿੰਘ ਫੌਜੀ ਸਨ , ਇਹਨਾਂ ਨੂੰ ਵੇਖ ਕੇ ਕਾਕੇ ਨੱਥੂ ਰਾਮ ਦੇ ਮਨ ਵਿੱਚ ਇਹ ਵੀਚਾਰ ਪੱਕਣ ਲੱਗਾ ਕਿ , ਹਿੰਦੂ ਮੁਸਲਮਾਨ ਨਾਲੋਂ ਸਿੰਘ ਵਧੀਕ ਸੋਹਣੇ ਤੇ ਜਵਾਨ ਦਿਖਦੇ ਹਨ । ਉਹਨਾਂ ਵੱਲ ਵੇਖ ਕੇ ਮਨ ਵਿੱਚ ਕੇਸ ਰੱਖਣ ਦਾ ਫੁਰਨਾ ਬਣਿਆ। 1905 ਵਿੱਚ ਮਿਡਲ ਦਾ ਇਮਤਿਹਾਨ ਵੀ ਹੋ ਗਿਆ।ਇਹਨਾਂ ਦਿਨਾਂ ਵਿੱਚ ਹੀ 13 ਸਾਲ ਦੇ ਨੱਥੂ ਰਾਮ ਦਾ ਵਿਆਹ ,ਕਿਸ਼ਨ ਚੰਦ ਦੀ 11 ਸਾਲ ਦੀ ਧੀ ਦੁਰਗਾ ਦੇਵੀ ਨਾਲ ਹੋਇਆ।ਮਿਡਲ ਦਾ ਨਤੀਜਾ ਆਇਆ ਤਾਂ ਨੱਥੂ ਰਾਮ ਰਾਵਲਪਿੰਡੀ ਡਿਵੀਜ਼ਨ ਵਿਚ ਪਹਿਲੇ ਦਰਜੇ ਤੇ ਆਇਆ , ਫਲਸਰੂਪ ਛੇ ਰੁਪਏ ਵਜੀਫਾ ਵੀ ਲੱਗ ਗਿਆ।

ਗਰਮੀਆਂ ਦੀਆਂ ਛੁਟੀਆਂ ਵਿੱਚ ਇਕ ਦਿਨ ਘਰ ਨੱਥੂ ਰਾਮ ਦੀ ਦਾਦੀ ਦੀ ਭੈਣ ਦਾ ਦੋਹਤਰਾ ਮਹਾਰਾਜ ਜੋ ਹੁਣ ਪਾਹੁਲ ਲੈ ਧਰਮ ਸਿੰਘ ਬਣ ਚੁਕਾ ਸੀ ਮਿਲਣ ਆਇਆ ।ਉਸ ਵੱਲ ਵੇਖ ਕੇ ਨੱਥੂ ਰਾਮ ਦਾ ਸਿੱਖ ਬਣਨ ਦਾ ਵੀਚਾਰ ਹੋਰ ਦ੍ਰਿੜ ਹੋ ਗਿਆ।ਧਰਮ ਸਿੰਘ ਦੀ ਬਦੌਲਤ ਹੀ ਕਲਾਸਵਾਲਾ ਦੀ ਸਿੰਘ ਸਭਾ ਦੁਆਰਾ ਕਰਵਾਏ ਗਏ ਖੰਡੇ ਬਾਟੇ ਦੀ ਪਾਹੁਲ ਦੇ ਸਮਾਗਮ ਵਿੱਚ ਹੀ ਸਿੱਖ ਬਣਨ ਲਈ ਨੱਥੂ ਰਾਮ ਤੇ ਤੁਲਸੀ ਰਾਮ ਪੁਜ ਗਏ।ਇਥੇ ਪਾਹੁਲ ਲੈ ਕਿ ਦੋਨੋਂ ਸਾਹਿਬ ਸਿੰਘ ਤੇ ਜਗਜੋਧ ਸਿੰਘ ਬਣ ਗਏ।ਧਰਮ ਸਿੰਘ ਦੀ ਸੰਗਤ ਨੇ ਜਿੱਥੇ ਗੁਰਬਾਣੀ ਪ੍ਰਤੀ ਪ੍ਰੇਮ ਪੈਦਾ ਕੀਤਾ , ਉਥੇ ਵਿਦੇਸ਼ੀ ਰਾਜ ਦੀ ਗੁਲਾਮੀ ਪ੍ਰਤੀ ਆਗਾਹ ਵੀ ਕੀਤਾ ।ਇਹਨਾਂ ਦਿਨਾਂ ਵਿੱਚ ਹੀ ਸੰਸਕ੍ਰਿਤ ਮਜਮੂਨ ਨਾਲ ਸਾਂਝ ਪਈ ਤੇ ਉਧਰ ਸਿਰ ਤੋਂ ਪਿਓ ਦਾ ਸਾਇਆ ਵੀ ਉੱਠ ਗਿਆ।ਦਸਵੀਂ ਜਮਾਤ ਦੇ ਦਾਖਲੇ ਜਾਣ ਦੀ ਰਕਮ ਦਾ ਇੰਤਜਾਮ ਵਿਧਵਾ ਭੂਆ ਨੇ ਆਪਣੀਆਂ ਟੂਮਾਂ ਗਹਿਣੇ ਰੱਖ ਕੇ ਕੀਤਾ।ਇਹਨਾਂ ਦਿਨਾਂ ਵਿੱਚ ਭਾਈ ਗਿਆਨ ਸਿੰਘ ਨਾਮਧਾਰੀ ਦੀ ਸੰਗਤ ਵੀ ਕੀਤੀ ।

ਘਰ ਤੋਰਨ ਲਈ ਮੁੱਢਲੇ ਰੂਪ ਵਿਚ ਡਾਕਖਾਨੇ ਮੁਲਾਜਮਤ ਵੀ ਕੀਤੀ।ਜਦ ਸਿਆਲਕੋਟ ਡਾਕਖਾਨੇ ਦਾ ਕੰਮ ਸਿਖਣ ਜਾਣਾ ਸੀ ਤਾਂ ਰੋਟੀ ਖਾਣ ਵਾਸਤੇ ਵੀ ਪੈਸੇ ਚਾਹੀਦੇ ਸਨ, ਪਰ ਗਰੀਬ ਦੀ ਬਾਂਹ ਕੌਣ ਫੜਦਾ , ਵਿਚਾਰੀ ਮਾਂ ਕਈ ਘਰਾਂ ਵਿਚ ਉਧਾਰ ਪੈਸੇ ਮੰਗਣ ਗਈ , ਪਰ ਸਭ ਨੇ ਜੁਆਬ ਦਿਤਾ। ਆਖਰ ਜੋ ਇਹਨਾਂ ਦੇ ਘਰ ਦਾ ਕੂੜਾ ਸੁਟਦੀ ਸੀ ਉਸ ਅੱਗੇ ਮਾਂ ਨੇ ਤਰਲਾ ਮਾਰਿਆ ਤੇ ਉਸ ਵਿਚਾਰੀ ਦੇ ਮਨ ਸਿਹਰ ਪਈ ਤੇ ਉਸਨੇ ਦੋ ਰੁਪਏ ਲਿਆ ਦਿੱਤੇ। ਪਰ ਇਸ ਨੌਕਰੀ ਨਾਲ ਵੀ ਪੂਰੀ ਨਹੀਂ ਪੈ ਰਹੀ ਸੀ , ਸੂਦ ਹੀ ਉਤਰਦਾ ਸੀ ਕਰਜਾ ਤੇ ਉਥੇ ਹੀ ਖਲੋਤਾ ਸੀ।

ਸਾਹਿਬ ਸਿੰਘ ਹੁਣਾ ਨੇ ਬੀ.ਏ ਕਰਨ ਦਾ ਇਰਾਦਾ ਪੱਕਾ ਕਰ , ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਲਾਹੌਰ ਵੱਲ ਮੂੰਹ ਕੀਤਾ ।ਇਸ ਵਕਤ ਇਹਨਾਂ ਕੋਲ ਦੋ ਰੁਪਏ , ਇਕ ਕਮੀਜ਼ ਪਜ਼ਾਮਾ ਤੇ ਇਕ ਅਧ ਹੰਢੀ ਜੁਤੀ ਸੀ । ਪੰਡਿਤ ਵਿਤਸਤਾ ਪ੍ਰਸਾਦਿ ਨੇ ਤਿੰਨ ਕਮੀਜ਼ ਪਜਾਮੇ ਬਣਾ ਕੇ ਦਿੱਤੇ ਤੇ ਨਾਲੇ ਆਪਣੇ ਅਸਰ ਰਸੂਖ ਨਾਲ ਅੱਧੀ ਫੀਸ ਮੁਆਫ ਕਰਵਾ ਦਿੱਤੀ। ਇੰਨੀ ਗੁਰਬਤ ਤੇ ਘਰ ਦੀਆਂ ਜਿੰਮੇਵਾਰੀਆਂ ਵਿਚ ਸਾਹਿਬ ਸਿੰਘ ਹੁਣਾ ਆਪਣੀ ਪੜ੍ਹਾਈ ਮੁਕਾਮਲ ਕੀਤੀ ਤੇ 8 ਸਤੰਬਰ 1915 ਨੂੰ ਫਰੂਕੇ ਦੇ ਖਾਲਸਾ ਹਾਈ ਸਕੂਲ ਵਿਚ ਪੜਾਉਣ ਲੱਗੇ। 1917 ਵਿੱਚ ਆਪਣਾ ਸਾਰਾ ਕਰਜ ਵੀ ਲਾਹਿਆ ਤੇ ਭੂਆ ਦੀਆਂ ਗਹਿਣੇ ਪਈਆਂ ਟੂਮਾਂ ਵੀ ਛੁਡਾ ਲਈਆਂ। 1917 ਵਿੱਚ ਗੁਜਰਾਂਵਾਲੇ ਦੇ ਖਾਲਸਾ ਕਾਲੇਜ ਵਿੱਚ

ਆ ਗਏ। 20 ਜੁਲਾਈ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਮੀਤ ਸਕੱਤਰ ਵਜੋਂ ਸੇਵਾ ਸ਼ੁਰੂ ਕੀਤੀ। ਦਸੰਬਰ 1920 ਵਿਚ ਇਕ ਦਿਨ ਪਾਠ ਕਰਦਿਆਂ ਜਦ ਇਹ ਪੰਕਤੀ ਆਈ ,

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ।।
ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ।।

ਇਸ ਵਿਚ ਆਹਰ ਸਬਦ ਦੇ ਤਿੰਨ ਰੂਪਾਂ ਨੇ ਸਾਹਿਬ ਸਿੰਘ ਦਾ ਧਿਆਨ ਗੁਰਬਾਣੀ ਵਿਆਕਰਣ ਵੱਲ ਮੋੜਿਆ। ਪਰ ਦਫਤਰੀ ਕੰਮ ਕਾਜ ਕਰਕੇ ਇਸ ਪਾਸੇ ਬਹੁਤਾ ਉਦਮ ਨ ਕਰ ਸਕੇ। ਜਦ ਸ਼੍ਰੋਮਣੀ ਕਮੇਟੀ ਬੈਨ ਹੋਈ ਤਾਂ ਆਪ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ , ਜੇਲ ਵਿੱਚ ਆਪ ਨੇ ਆਪਣਾ ਬਹੁਤਾ ਸਮਾਂ ਗੁਰਬਾਣੀ ਵਿਆਕਰਣ ਤੇ ਲਾਇਆ। ਜਦ ਜੇਲ ਤੋਂ ਰਿਹਾ ਹੋ ਮੁੜ ਦਫਤਰੀ ਕੰਮ ਵਿੱਚ ਲੱਗੇ ਤਾਂ ਮਨ ਨੇ ਗੁਰਬਾਣੀ ਦੇ ਖੋਜ ਵੱਲ ਤੁਰਨ ਲਈ ਬਲ ਦਿੱਤਾ, ਅਖੀਰ 250 ਰੁਪਏ ਦੀ ਕਮੇਟੀ ਦੀ ਨੌਕਰੀ ਤੋਂ ਅਸਤੀਫਾ ਦੇ ਕੇ 150 ਰੁਪਏ ਦੀ ਨੌਕਰੀ ਖਾਲਸਾ ਕਾਲਜ ਗੁਜਰਾਂਵਾਲੇ ਸ਼ੁਰੂ ਕੀਤੀ। 1929 ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਾਲਿਆਂ ਨੇ ਸੱਦਾ ਪੱਤਰ ਦਿੱਤਾ ਤਾਂ ਗੁਜਰਾਂਵਾਲੇ ਤੋਂ ਵਿਹਲੇ ਹੋ ਜਦ ਅੰਮ੍ਰਿਤਸਰ ਪੁਜੇ ਤਾਂ ਇਹਨਾਂ ਨੇ ਰਾਜਨੀਤਿਕ ਕਾਰਨਾਂ ਕਰਕੇ ਖੜੇ ਪੈਰ ਨੌਕਰੀ ਤੋਂ ਜੁਆਬ ਦੇ ਦਿਤਾ।ਫਲਸਰੂਪ ਦੁਬਾਰਾ ਕਮੇਟੀ ਵਿੱਚ 150 ਰੁਪਏ ਮਹੀਨਾ ਤੇ ਸੁਪਰਡੈਂਟ ਦੀ ਨੌਕਰੀ ਸ਼ੁਰੂ ਕੀਤੀ।ਪਰ ਵਾਹਿਗੁਰੂ ਨੇ ਉਹਨਾਂ ਕੋਲੋਂ ਹੋਰ ਸੇਵਾ ਲੈਣੀ ਸੀ , ਸੋ ਦੁਬਾਰਾ ਫਿਰ ਉਹਨਾਂ ਦੀ ਨੌਕਰੀ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਸ਼ੁਰੂ ਹੋ ਗਈ।ਇਹਨਾਂ ਦਿਨਾਂ ਵਿੱਚ ਹੀ ਉਹਨਾਂ ਨੇ ਭਗਤ ਬਾਣੀ , ਭੱਟ ਬਾਣੀ ਤੇ ਵਿਆਕਣ ਉਪਰ ਕੰਮ ਕੀਤਾ ।ਉਹਨਾਂ ਦੇ ਲੇਖ ਵੱਡੇ ਵੱਡੇ ਰਸਾਲੇ ਤੇ ਅਖ਼ਬਾਰਾਂ ਵਿੱਚ ਛੱਪਦੇ ਸਨ ।

1952 ਵਿਚ ਖਾਲਸਾ ਕਾਲਜ ਤੋਂ ਰਿਟਾਇਰ ਹੋ ਕੇ ਉਹ , ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬਣੇ। ਉਹ ਗੁਰਬਾਣੀ ਦੇ ਵਿਆਖਿਆਕਾਰ ਹੀ ਨਹੀਂ , ਗੁਰਬਾਣੀ ਦੀ ਕਮਾਈ ਵਾਲੇ ਮਹਾਪੁਰਖ ਸਨ । ਸਵੇਰੇ ਨਿਤਨੇਮ ਵਕਤ ਵਿਦਿਆਰਥੀਆਂ ਤੋਂ ਪਹਿਲਾਂ ਦਰਬਾਰ ਵਿਚ ਹਾਜਰ ਹੁੰਦੇ ਸਨ । ਰਾਜਨੀਤੀ ਤੋਂ ਦੂਰੀ ਬਣਾ ਕੇ ਚੱਲਦੇ ਸਨ। ਆਪਣੇ ਹੱਥੀਂ ਵਿਦਿਆਰਥੀਆਂ ਦੇ ਪਿਸ਼ਾਬ ਖਾਨੇ ਤੇ ਟੱਟੀ ਖਾਨੇ ਦੀ ਸਫਾਈ ਤੱਕ ਕਰਦੇ ਸਨ , ਨਾਲ ਵਿਦਿਆਰਥੀਆਂ ਨੂੰ ਲਾ ਲੈਂਦੇ ਸਨ ।ਸਾਹਿਬ ਸਿੰਘ ਹੁਣਾ ਦਾ ਜੀਵਨ ਬਹੁਤ ਸਾਦਗੀ ਭਰਪੂਰ ਤੇ ਗੁਰਮਤਿ ਅਨੁਸਾਰ ਸੀ।ਉਹ ਕਿੰਨੇ ਗੁਰੂ ਨੂੰ ਸਮਰਪਿਤ ਸਨ , ਇਸ ਗੱਲ ਤੋਂ ਹੀ ਅੰਦਾਜਾ ਲਗਾ ਲਵੋ ਕਿ ਪੰਜਾਬ ਐਜੂਕੇਸ਼ਨ ਬੋਰਡ ਨੇ ਪ੍ਰੋ.ਸਾਹਿਬ ਸਿੰਘ ਹੁਣਾ ਨਾਲ ਸੰਪਰਕ ਕੀਤਾ ਕਿ ਉਹ ਪੰਜਾਬੀ ਵਿਆਕਰਣ ਬਣਾ ਕੇ ਦੇਣ , ਜਿਸ ਦੇ ਇਵਜ ਵਿਚ ਬੋਰਡ ਉਹਨਾਂ ਨੂੰ 20000 ਰੁਪਏ ਦਵੇਗਾ।ਪਰ ਇਸ ਗੁਰਮੁਖ ਰੂਹ ਨੇ ਇਹ ਕਹਿ ਇਨਕਾਰ ਕਰ ਦਿੱਤਾ ਕਿ " ਮੇਰੇ ਪਾਸ ਜੋ ਸਮਾਂ ਹੈ ਉਸ ਦਾ ਇਕ ਇਕ ਪਲ ਗੁਰੂ ਲਈ ਹੈ , ਵਿਆਕਰਣਾਂ ਲਿਖ ਪੈਸੇ ਕਮਾਉਣ ਲਈ ਹੋਰ ਬਥੇਰੇ ਨੇ!"

7 ਜਨਵਰੀ 1971 ਨੂੰ ਪੰਜਾਬੀ ਯੂਨੀਵਰਸਿਟੀ ਨੇ ਆਪ ਦੀ ਘਾਲਣਾ ਨੂੰ ਨਤਮਸਤਕ ਹੁੰਦਿਆਂ ਆਪ ਨੂੰ ਡੀ.ਲਿਟ ਦੀ ਡਿਗਰੀ ਨਾਲ ਸਨਮਾਨਿਤ ਕੀਤਾ। ਪਿਛਲੇ ਪੰਜ ਸਾਲ ਜਿੰਦਗੀ ਦੇ ਸਿਹਤ ਪੱਖੋਂ ਬਹੁਤੇ ਚੰਗੇ ਨਹੀਂ ਰਹੇ। ਪਹਿਲਾਂ ਚੱਲਣਾ ਫਿਰਨਾ ਬੰਦ ਹੋਇਆ, ਫਿਰ ਬੋਲਣੋ ਵੀ ਰਹਿ ਗਏ, ਨਜ਼ਰ ਤੇ ਸੁਣਨ ਸ਼ਕਤੀ ਵੀ ਘਟ ਗਈ।ਯਾਦਦਾਸ਼ਤ ਤੇ ਬਹੁਤ ਅਸਰ ਪਿਆ। ਅਖ਼ੀਰ ਕੌਮ ਦਾ ਇਹ ਮਹਾਨ ਵਿਦਵਾਨ 29 ਅਕਤੂਬਰ 1977 ਨੂੰ ਸਦੀਵੀ ਤੌਰ ਤੇ ਸਰੀਰ ਕਰ ਕੇ ਇਸ ਦੁਨੀ ਸੁਹਾਵੇ ਬਾਗ ਨੂੰ ਛੱਡ ਗਿਆ , ਪਰ ਆਪਣੀ ਕਲਮ ਦੇ ਸਦਕਾ ਉਹ ਹਮੇਸ਼ਾ ਜਿੰਦਾ ਰਹੇਗਾ।

ਪ੍ਰੋ.ਸਾਹਿਬ ਦੀਆਂ 40 ਦੇ ਕਰੀਬ ਲਿਖਤਾਂ ਵਿਚੋਂ ਕੁਝ ਪ੍ਰਮੁੱਖ ਲਿਖਤਾਂ ਦੇ ਨਾਮ;-

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਜਿਲਦਾਂ)
ਗੁਰਬਾਣੀ ਵਿਆਕਰਣ

ਦਸ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਦਸ ਕਿਤਾਬਾਂ
ਬਾਬਣੀਆ ਕਹਾਣੀਆਂ
ਸਿਮਰਨ ਦੀਆਂ ਬਰਕਤਾਂ
ਬੁਰਾਈ ਦਾ ਟਾਕਰਾ
ਸਿਖੁ ਸਿਦਕ ਨ ਹਾਰੇ
ਸਦਾਚਾਰਕ ਲੇਖ
ਗੁਰਮਤ ਪ੍ਰਕਾਸ਼
ਧਰਮ ਤੇ ਸਦਾਚਾਰ
ਆਦਿ ਬੀੜ ਬਾਰੇ
ਸਰਬੱਤ ਦਾ ਭਲਾ
ਗੁਰਬਾਣੀ ਤੇ ਇਤਿਹਾਸ ਬਾਰੇ
ਮੇਰੀ ਜੀਵਨ ਕਹਾਣੀ (ਸਵੈ ਜੀਵਨੀ)
ਭਗਤ ਬਾਣੀ ਸਟੀਕ (ਪੰਜ ਜਿਲਦਾਂ)
ਨਿਤਨੇਮ ਸਟੀਕ
ਆਸਾ ਦੀ ਵਾਰ ਸਟੀਕ
ਭੱਟਾਂ ਦੇ ਸਵਈਏ ਸਟੀਕ
ਤੇ ਹੋਰ ਵੀ ਕਈ ਬਾਣੀਆਂ ਦੇ ਸਟੀਕ

ਹਿੰਦੂ ਧਰਮ-(ਸ) ਸ਼ੰਕਰਾਚਾਰਯ, ਸਵਾਮੀ ਵਿਵੇਕਾਨੰਦ, ਰਾਜਾ ਰਾਮ ਮੋਹਨ ਰਾਇ

ਸ਼ੰਕਰਾਚਾਰਯ

ਇਸ ਦਾ ਜਨਮ ਦੱਖਣ ਵਿਚ ਮਾਲਾਬਾਰ ਕੋਚੀਨ ਇਲਾਕੇ ਦੇ ਪੱਛਮੀ ਘਾਟ ਉੱਤੇ ਸਥਿਤ ਕਾਲਦੀ ਨਾਂ ਦੇ ਸਥਾਨ ਤੇ ਹੋਇਆ। ਇਸ ਦੇ ਮਾਤਾ ਪਿਤਾ ਨੰਬੂਦਰੀਪਾਦ ਜਾਤ ਦੇ ਵਿਦਵਾਨ ਬ੍ਰਾਹਮਣ ਘਰਾਣੇ ਵਿਚੋਂ ਸਨ। ਇਸ ਦਾ ਪਰਿਵਾਰ ਸ਼ਿਵ ਦਾ ਉਪਾਸ਼ਕ ਸੀ। ਇਸ ਲਈ ਸ਼ੰਕਰਾਚਾਰੀਆ ਜਨਮ ਤੋਂ ਸ਼ਾਕਤ ਸੀ। ਇਸ ਨੇ ਮੁਢਲੀ ਪੜ੍ਹਾਈ ਉਪਰੰਤ ਦਰਸ਼ਨ ਸ਼ਾਸਤਰਾਂ ਦੀ ਸਿੱਖਿਆ ਪ੍ਰਾਪਤ ਕੀਤੀ। ਛੋਟੀ ਉਮਰ ਵਿਚ ਹੀ ਸੰਨਿਆਸੀ ਬਣ ਕੇ ਇਹ ਦੇਸ਼ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਘੁੰਮਿਆ ਅਤੇ ਆਪਣੇ ਮਤ ਦਾ ਪ੍ਰਚਾਰ ਕੀਤਾ। ਭਾਰਤ ਦੀਆਂ ਚੌਹਾਂ, ਕੂਟਾਂ ਤੇ ਇਸ ਨੇ ਚਾਰ ਧਾਮ ਸ਼ਰਿੰਗੇਰੀ, ਪੁਰੀ, ਦਵਾਰਕਾ ਅਤੇ ਬਦਰੀਨਾਥ ਸਥਾਪਿਤ ਕੀਤੇ। ਸ਼ੰਕਰਾਚਾਰੀਆ ਦਾ ਨਾਂ ਹਿੰਦੂ ਦਰਸ਼ਨ ਸ਼ਾਸਤਰ ਦੇ

ਵੇਦਾਂਤ ਨਾਲ ਇਕ-ਕਿਮ ਹੋ ਗਿਆ ਹੈ। ਇਸ ਨੇ ਬਾਦਰਾਇਣ ਦੇ ਵੇਦਾਂਤ ਸੂਤਰਾਂ ਉੱਤੇ ਇਕ ਪ੍ਰਸਿੱਧ ਭਾਸ਼ ਲਿਖਿਆ ਜਿਸ ਵਿਚ ਇਸ ਨੇ ਅਦ੍ਵੈਤਵਾਦ ਦੀ ਫ਼ਿਲਾਸਫ਼ੀ ਨੂੰ ਸਥਾਪਿਤ ਕੀਤਾ। ਇਸ ਦੇ ਅਨੁਸਾਰ ਸਾਡੀਆਂ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਕੀਤਾ ਗਿਆ ਗਿਆਨ ਗ਼ਲਤ ਅਤੇ ਸਿਮਰਤੀ ਭੁਲੇਖਾ ਹੋ ਸਕਦਾ ਹੈ। ਇਸ ਤੋਂ ਉਪਰੰਤ ਇਹ ਇਸ ਗੱਲ ਉੱਤੇ ਵੀ ਜ਼ੋਰ ਦਿੰਦਾ ਹੈ ਕਿ ਸੰਸਾਰ ਦੇ ਸਾਰੇ ਅਨੁਭਵ ਸ਼ੱਕ-ਭਰਪੂਰ ਹੋ ਸਕਦੇ ਹਨ ਪਰ ਜੀਵ ਦਾ ਆਪਣੇ ਆਪ ਬਾਰੇ ਹੋਣ ਵਾਲਾ ਅਨੁਭਵ ਕਦੇ ਗ਼ਲਤ ਜਾਂ ਸ਼ੱਕ ਦਾ ਵਿਸ਼ਾ ਨਹੀਂ ਹੋ ਸਕਦਾ। ਹਰ ਜੀਵ ਆਪਣੀ ਹੋਂਦ ਬਾਰੇ ਹਰ ਸਮੇਂ ਜਾਣੂ ਰਹਿੰਦਾ ਹੈ। ਸ਼ੰਕਰਾਚਾਰੀਆ ਨੇ ਸੱਚਾਈ ਅਤੇ ਭੌਤਿਕ ਸੱਚਾਈ ਵਿਚਕਾਰ ਵੀ ਨਿਖੇੜ ਕੀਤਾ ਹੈ। ਇਸ ਦੇ ਅਨੁਸਾਰ ਭੌਤਿਕ ਸੱਚਾਈ ਅਪੂਰਨ ਅਤੇ ਸਾਪੇਖ ਹੈ। ਇਹ ਸਾਡੀ ਕਲਪਨਾ ਦਾ ਹੀ ਤਾਣਾ ਬਾਣਾ ਹੈ ਪਰ ਕਲਪਨਾ ਦੀ ਬੁਨਿਆਦ ਅਵਸ਼ ਹੈ ਅਤੇ ਬੁਨਿਆਦ ਹੈ 'ਬ੍ਰਹਮ' ਜੋ ਸਭ ਭੌਤਿਕ ਹੋਂਦਾਂ ਤੋਂ ਪਰ੍ਹੇ ਹੈ। ਬ੍ਰਹਮ ਨੂੰ ਅਸੀਂ ਇਕ ਨਹੀਂ, ਅਦ੍ਵੈਵ ਆਖ ਸਕਦੇ ਹਾਂ। ਸ਼ੰਕਰਾਚਾਰੀਆ ਨਿਮਨ ਸੂਤਰ ਉਪਰੋਕਤ ਦੀ ਪੁਸ਼ਟੀ ਕਰਦਾ ਹੈ: -ਇਹ ਸਭ ਕੁਝ ਦਿਖਾਈ ਦੇਂਦਾ ਹੈ ਜਾਂ ਗਿਆਨ ਵਿਚ ਆਉਣ ਵਾਲਾ ਬ੍ਰਹਮ ਹੀ ਹੈ, ਵੱਖ-ਵੱਖ ਕੁਝ ਵੀ ਨਹੀਂ)।

ਸ਼ੰਕਰਾਚਾਰੀਆ ਦਾ ਮਾਇਆਵਾਦ ਵੀ ਇਸੇ ਸਿਧਾਂਤ ਨੂੰ ਸਪਸ਼ਟ ਕਰਨ ਲਈ ਪ੍ਰਚਲਿਤ ਹੋਇਆ।ਇਹ ਸਾਰੇ ਸੰਸਾਰ ਨੂੰ ਮਾਇਆ ਜਾਂ ਭੁਲੇਖਾ ਅਤੇ ਬ੍ਰਹਮ ਨੂੰ ਅਸਲੀਅਤ ਮੰਨਦਾ ਹੈ। ਵਿਅਕਤੀ ਦੀ ਆਤਮਾ ਬ੍ਰਹਮ ਨਾਲੋਂ ਸਿਰਫ਼ ਇਸੇ ਰੂਪ ਵਿਚ ਵੱਖ ਹੈ ਕਿ ਉਸ ਦੀ ਅਸਲੀਅਤ ਮਾਇਆ ਦੇ ਜੰਜਾਲ ਨਾਲ ਢਕੀ ਹੋਈ ਹੈ। ਸ਼ੰਕਰਾਚਾਰੀਆ ਨੇ ਆਪਣੀ ਫ਼ਿਲਾਸਫ਼ੀ ਰਾਹੀਂ ਵੇਦਾਂ ਦੇ ਵਿਚਾਰਾਂ ਨੂੰ ਮੁੜ ਸੁਰਜੀਤ ਕੀਤਾ ਅਤੇ ਦਰਸ਼ਨ ਸ਼ਾਸਤਰਾਂ ਦੇ ਵੱਖ-ਵੱਖ ਵਿਚਾਰਾਂ ਨੂੰ ਇਕਸਾਰ ਕਰਨ ਲਈ ਵੀ ਭਾਰੀ ਯਤਨ ਕੀਤਾ। ਇਸ ਨੇ ਸ਼ਾਸਤਰਾਰਥ ਵਿਚ ਬਹੁਤ ਸਾਰੇ ਵਿਦਵਾਨਾਂ ਨੂੰ ਹਰਾਇਆ ਜਿਨ੍ਹਾਂ ਵਿਚੋਂ ਮੰਡਨਮਿਸ਼ਰ ਦਾ ਨਾਂ ਮੁੱਖ ਹੈ। ਬਾਦਰਾਇਣ ਦੇ ਵੇਦਾਂਤ ਸੂਤਰਾਂ ਤੋਂ ਇਲਾਵਾ ਸ਼ੰਕਰਾਚਾਰੀਆ ਨੇ ''ਸ੍ਰੀਮੱਦ ਭਾਗਵਤ ਗੀਤਾ'' ਅਤੇ ਮੁੱਖ-ਮੁੱਖ ਉਪਨਿਸ਼ਦਾਂ ਉਪਰ ਵੀ ਆਪਣੇ ਭਾਸ਼ ਲਿਖੇ। ਇਸ ਨੇ ਕੁਝ ਸਤੋਤਰ ਵੀ ਸੰਸਕ੍ਰਿਤ ਵਿਚ ਲਿਖੇ ਹਨ।ਸ਼ੰਕਰਾਚਾਰੀਆ 32 ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਸਾਹਿਤ, ਫ਼ਿਲਾਸਫੀ ਅਤੇ ਪ੍ਰਚਾਰ ਦੇ ਖੇਤਰ ਵਿਚ ਇੰਨਾ ਪ੍ਰਭਾਵਸ਼ਾਲੀ ਅਤੇ ਮਹਾਨ ਕੰਮ ਕਰ ਗਿਆ ਕਿ ਅੱਜ ਵੀ ਇਸ ਦੀ ਪ੍ਰਤਿਭਾ ਦਾ ਸਿੱਕਾ ਮੰਨਣਾ ਪੈਂਦਾ ਹੈ। ਰਾਮਾਨੁਜ, ਮਾਧਵਾਚਾਰੀਆ ਆਦਿ ਨੇ ਇਸ ਦੀਆਂ ਲਿਖਤਾਂ ਵਿਚੋਂ ਕਈ ਟੂਕਾਂ ਆਪਣੇ ਗ੍ਰੰਥਾਂ ਵਿਚ ਦਿੱਤੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਸ਼ੰਕਰਾਚਾਰੀਆ ਦਾ ਬਾਅਦ ਦੇ ਭਾਰਤੀ ਸਾਹਿਤ ਅਤੇ ਸਭਿਆਚਾਰ ਉਪਰ ਬਹੁਤ ਪ੍ਰਭਾਵ ਪਿਆ। ਸ਼ੰਕਰਾਚਾਰੀਆ ਆਸਾਮ ਦੇਸ਼ ਦੀ ਯਾਤਰਾ ਸਮੇਂ ਬਿਮਾਰ ਹੋ ਗਿਆ। ਬੱਤੀ ਵਰ੍ਹਿਆਂ ਦੀ ਉਮਰ ਵਿਚ ਇਸ ਦਾ ਦੇਹਾਂਤ ਕੇਦਾਰਨਾਥ ਦੇ ਨੇੜੇ ਹੋਇਆ। ਸ਼ੰਕਰਾਚਾਰੀਆ ਦੇ ਵਿਅਕਤੀਗਤ ਜੀਵਨ ਬਾਰੇ ਗਿਆਨ ਸਾਨੂੰ ਉਸ ਦੇ ਚੇਲਿਆਂ ਮਾਧਵ ਅਤੇ ਆਨੰਦ ਗਿਰੀ ਦੀਆਂ ਲਿਖੀਆਂ ''ਸ਼ੰਕਰ ਦਿਗ ਵਿਜੈ'' ਅਤੇ ''ਸ਼ੰਕਰ ਵਿਜੇ'' ਨਾਂ ਦੀਆਂ ਪੁਸਤਕਾਂ ਤੋਂ ਹੀ ਮਿਲਦਾ ਹੈ।

ਵਿਵੇਕਾਨੰਦ

ਵਿਵੇਕਾਨੰਦ ਦਾ ਜਨਮ ਕੋਲਕਾਤਾ (ਪੱਛਮੀ ਬੰਗਾਲ) ਵਿਖੇ ਨੂੰ 'ਦੱਤ' ਗੋਤਰ ਦੇ ਕਾਇਸਥ ਪਰਿਵਾਰ ਵਿੱਚ 12 ਜਨਵਰੀ 1863 ਨੂੰ ਹੋਇਆ ਸੀ। ਬੰਗਾਲੀ ਕੈਲੰਡਰ ਅਨੁਸਾਰ ਉਸ ਦਿਨ 'ਮਾਘੀ' (ਮਕਰ ਸੰਕ੍ਰਾਂਤੀ) ਦਾ ਤਿਉਹਾਰ ਸੀ। ਉਨ੍ਹਾਂ ਦੇ ਪਿਤਾ ਸ਼੍ਰੀ ਵਿਸ਼ਵਨਾਥ ਦੱਤ ਅਤੇ ਮਾਤਾ ਸ਼੍ਰੀਮਤੀ ਭੁਵਨੇਸ਼ਵਰੀ ਦੇਵੀ ਨੇ ਆਪਣੇ ਪੁੱਤਰ ਦਾ ਨਾਂ ਨਰੇਂਦਰ ਨਾਥ ਦੱਤ ਧਰਿਆ ਸੀ। ਉਨ੍ਹਾਂ ਦੇ ਪਿਤਾ ਉਥੇ ਹਾਈਕੋਰਟ ਵਿਖੇ ਸਰਕਾਰੀ ਵਕੀਲ ਸਨ।

ਅਧਿਆਤਮਕ ਰੁਝਾਨ

ਨਰੇਂਦ੍ਰ ਜੀ ਨੂੰ ਅਧਿਆਤਮਕ ਰੁਝਾਨ ਪਿਤਾ-ਪੁਰਖੀ ਦਾਤ ਸੀ। ਉਨ੍ਹਾਂ ਦੇ ਦਾਦਾ ਸ਼੍ਰੀ ਦੁਰਗਾ ਚਰਨ ਦੱਤ 25 ਵਰ੍ਹਿਆਂ ਦੀ ਉਮਰ ਹੋਣ 'ਤੇ ਘਰ-ਬਾਰ ਛੱਡ ਕੇ ਸੰਨਿਆਸੀ ਬਣ ਗਏ ਸਨ। ਪੇਸ਼ੇ ਤੋਂ ਵਕੀਲ ਹੋਣ ਦੇ ਬਾਵਜੂਦ ਨਰੇਂਦ੍ਰ ਦੇ ਪਿਤਾ ਸ਼੍ਰੀ ਵਿਸ਼ਵਨਾਥ ਦੱਤ ਧਾਰਮਿਕ ਅਤੇ ਸਮਾਜਿਕ ਮਾਮਲਿਆਂ ਵਿੱਚ ਉਦਾਰ ਭਾਵਨਾਵਾਂ ਰੱਖਦੇ ਸਨ। ਆਤਮ-ਸੰਜਮ ਦੀ ਸਿੱਖਿਆ ਉਨ੍ਹਾਂ ਨੂੰ ਆਪਣੀ ਮਾਤਾ ਭੁਵਨੇਸ਼ਵਰੀ ਦੇਵੀ ਜੀ ਤੋਂ ਪ੍ਰਾਪਤ ਹੋਈ ਸੀ। ਕਾਲਜ ਦੀ ਪੜ੍ਹਾਈ ਵੇਲੇ ਉਨ੍ਹਾਂ

ਨੇ ਪੱਛਮੀ ਤਰਕ ਸ਼ਾਸਤਰ ਅਤੇ ਦਰਸ਼ਨ ਅਤੇ ਯੂਰਪ ਦਾ ਇਤਿਹਾਸ ਵਿਸ਼ੇ ਲਏ ਸਨ। ਮਾਤਾ-ਪਿਤਾ ਵਾਂਗ ਉਨ੍ਹਾਂ ਦੀ ਰੁਚੀ ਵੇਦਾਂ, ਉਪਨਿਸ਼ਦਾਂ, ਸ਼੍ਰੀਮਦ ਭਗਵਤ ਗੀਤਾ, ਵਾਲਮੀਕਿ ਰਾਮਾਇਣ ਅਤੇ ਪੁਰਾਣਾਂ ਵਿੱਚ ਸੀ। ਉਹ ਅਜਿਹੀਆਂ ਪੁਸਤਕਾਂ ਆਪਣੇ ਕਾਲਜ ਦੀ ਲਾਇਬ੍ਰੇਰੀ ਤੋਂ ਘਰ ਲਿਆ ਕੇ ਪੜ੍ਹਿਆ ਕਰਦੇ ਸਨ।

ਸਵਾਮੀ ਰਾਮ ਕ੍ਰਿਸ਼ਨ

ਕੋਸੀਪੁਰ ਆਸ਼ਰਮ ਵਿਖੇ ਨਰੇਂਦਰ ਜੀ ਨੇ ਸਵਾਮੀ ਰਾਮ ਕ੍ਰਿਸ਼ਨ ਜੀ ਤੋਂ 'ਨਿਰਵਿਕਲਪ ਸਮਾਧੀ' ਦਾ ਅਨੁਭਵ ਕੁਝ ਦਿਨਾਂ ਤੱਕ ਕੀਤਾ ਅਤੇ ਉਸ ਕਾਰਨ ਉਨ੍ਹਾਂ ਨੇ ਸਵਾਮੀ ਜੀ ਵਾਂਗ ਸੰਨਿਆਸੀ ਬਣਨ ਦਾ ਨਿਸ਼ਚਾ ਕਰ ਲਿਆ। ਸੰਨ 1885 ਵਿੱਚ ਸਵਾਮੀ ਰਾਮ ਕ੍ਰਿਸ਼ਨ ਜੀ ਨੂੰ 'ਗਲੇ ਦਾ ਨਾਸੂਰ' ਦਾ ਰੋਗ ਹੋ ਗਿਆ। ਉਨ੍ਹੀਂ ਦਿਨੀਂ ਕੁਝ ਹੋਰ ਭਗਤਾਂ ਸਮੇਤ ਨਰੇਂਦਰ ਜੀ ਨੇ ਵੀ ਸਵਾਮੀ ਜੀ ਤੋਂ ਦੀਖਿਆ ਲੈ ਕੇ ਸੰਨਿਆਸੀਆਂ ਵਾਲੇ ਭਗਵੇਂ ਕੱਪੜੇ ਧਾਰਨ ਕਰ ਲਏ। 16 ਅਗਸਤ 1886 ਨੂੰ ਆਪਣੇ ਅਕਾਲ ਚਲਾਣੇ ਤੋਂ ਕੁਝ ਸਮੇਂ ਪਹਿਲਾਂ ਉਨ੍ਹਾਂ ਨੇ ਨਰੇਂਦਰ ਜੀ ਨੂੰ 'ਵਿਵੇਕਾਨੰਦ' ਸੱਦਿਆ ਅਤੇ ਆਖਿਆ ਪੁੱਤਰ! ਹੁਣ ਤੂੰ ਮੇਰੇ ਭਗਤ ਸੰਨਿਆਸੀਆਂ ਦਾ ਧਿਆਨ ਰੱਖੀਂ। ਇਵੇਂ ਹੀ ਹੋਰ ਸੰਨਿਆਸੀਆਂ ਨੂੰ ਸਮਝਾਇਆ ਕਿ ਮੇਰੇ ਸੁਰਗ ਸਿਧਾਰਨ ਤੋਂ ਬਾਅਦ ਉਹ 'ਵਿਵੇਕਾਨੰਦ' ਨੂੰ ਹੀ ਗੁਰੂ ਵਾਂਗ ਆਦਰ-ਸਨਮਾਨ ਦੇਣ।

ਸਰਬ ਧਰਮ ਸੰਮੇਲਨ

ਅਮਰੀਕਾ ਦੇ ਸ਼ਿਕਾਗੋ ਨਗਰ ਵਿੱਚ 11 ਸਤੰਬਰ ਤੋਂ 27 ਸਤੰਬਰ 1893 ਤਕ ਸੋਲਾਂ ਦਿਨ ਚੱਲਣ ਵਾਲੇ ਵਿਸ਼ਵ ਧਰਮ ਸੰਸਦ ਦੀ ਖਬਰ ਸਵਾਮੀ ਵਿਵੇਕਾਨੰਦ ਜੀ ਨੇ ਅਖਬਾਰਾਂ ਵਿੱਚ ਪੜ੍ਹੀ। ਇਸ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਨੂੰ ਤਾਂ ਨਾ ਕੋਈ ਸੱਦਾ ਪੱਤਰ ਮਿਲਿਆ ਸੀ ਅਤੇ ਨਾ ਹੀ ਉਨ੍ਹਾਂ ਕੋਲ ਉਥੇ ਟਿਕਣ ਦਾ ਕੋਈ ਟਿਕਾਣਾ ਸੀ। ਪ੍ਰਬੰਧਕਾਂ ਨੇ ਫਟਾਫਟ ਅੰਗਰੇਜ਼ੀ ਬੋਲਣ ਵਾਲੇ ਭਗਵੇਂ ਬਸਤਰਾਂ ਵਾਲੇ ਬਿਨ ਬੁਲਾਏ ਮਹਿਮਾਨ ਨੂੰ 'ਜੀ ਆਇਆਂ ਨੂੰ' ਆਖਿਆ ਅਤੇ ਵਿਚਾਰ-ਵਟਾਂਦਰਾ ਕਰਕੇ ਵਿਵੇਕਾਨੰਦ ਜੀ ਨੂੰ ਚਾਰ ਦਿਨ ਬੋਲਣ ਦਾ ਸਮਾਂ ਦਿੱਤਾ।

ਭਾਸ਼ਣ

16 ਸਤੰਬਰ ਨੂੰ ਉਨ੍ਹਾਂ ਨੇ ਵੱਖ-ਵੱਖ ਸੰਪਰਦਾਵਾਂ ਵਿੱਚ ਭ੍ਰਾਤਰੀ ਭਵ ਵਿਸ਼ੇ ਉਤੇ,19 ਸਤੰਬਰ ਨੂੰ ਹਿੰਦੂ ਧਰਮ,20 ਸਤੰਬਰ ਨੂੰ ਭਾਰਤ ਦੀ ਭਲਾਈ ਲਈ ਈਸਾਈ ਕੀ ਕਰ ਸਕਦੇ ਹਨ ਅਤੇ23 ਸਤੰਬਰ ਨੂੰ ਬੁੱਧ ਧਰਮ ਦਾ ਹਿੰਦੂ ਧਰਮ ਨਾਲ ਸੰਬੰਧ ਵਿਸ਼ੇ ਉਤੇ ਭਾਸ਼ਣ ਦਿੱਤੇ।

16 ਸਤੰਬਰ ਵਾਲੇ ਭਾਸ਼ਣ ਵਿੱਚ ਉਨ੍ਹਾਂ ਨੇ ਸਮੂਹ ਪ੍ਰਤੀਨਿਧੀਆਂ ਨੂੰ ਇੰਝ ਸੰਬੋਧਨ ਕੀਤਾ ਸੀ-

ਭਰਾਵੋ ਅਤੇ ਭੈਣੋ

ਅਮਰੀਕਾ ਵਾਸੀ ਭਰਾਵੋ ਅਤੇ ਭੈਣੋ। ਮੈਨੂੰ ਇਹ ਆਖਦਿਆਂ ਬੜਾ ਗੌਰਵ ਮਹਿਸੂਸ ਹੁੰਦਾ ਹੈ ਕਿ ਮੈਂ ਜਿਸ ਸਨਾਤਨ ਧਰਮ ਦਾ ਪੈਰੋਕਾਰ ਹਾਂ, ਉਸ ਨੇ ਜਗਤ ਨੂੰ ਉਦਾਰਤਾ ਅਤੇ ਵਿਸ਼ਵ ਨੂੰ ਆਪਣਾ ਸਮਝਣ ਦੀ ਉੱਚ ਭਾਵਨਾ ਸਿਖਾਈ ਹੈ। ਇਹੋ ਨਹੀਂ ਅਸੀਂ ਸਾਰੇ ਧਰਮਾਂ ਨੂੰ ਸੱਚਾ ਮੰਨਦੇ ਹਾਂ ਅਤੇ ਅਸੀਂ ਪੁਰਾਣੇ ਵੇਲਿਆਂ ਵਿੱਚ ਯਹੂਦੀ ਅਤੇ ਪਾਰਸੀ ਜਿਹੇ ਵੱਖਰੇ ਧਰਮ ਵਾਲਿਆਂ ਨੂੰ ਆਪਣੇ ਦੇਸ਼ ਵਿੱਚ ਟਿਕਾਇਆ ਸੀ... ਅਸੀਂ ਤਾਂ ਭਗਵਾਨ ਕ੍ਰਿਸ਼ਨ ਦੇ ਇਨ੍ਹਾਂ ਮਨੋਹਰ ਵਚਨਾਂ ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਕਿ 'ਸ਼੍ਰੀਮਦ ਭਗਵਤ ਗੀਤਾ' ਵਿੱਚ ਦਰਜ ਹਨ 'ਕੋਈ ਵੀ ਵਿਅਕਤੀ ਮੇਰੇ ਕੋਲ ਭਾਵੇਂ ਕਿਸੇ ਵੀ ਭਾਵ ਨਾਲ ਆਵੇ ਤਾਂ ਵੀ ਉਸ ਨੂੰ ਮਿਲਦਾ ਹਾਂ। ਲੋਕੀਂ ਜਿਨ੍ਹਾਂ ਵੱਖ-ਵੱਖ ਰਸਤਿਆਂ ਉੱਤੇ ਟੁਰ ਕੇ ਅਗਾਂਹ ਵਧਣ ਦਾ ਯਤਨ ਕਰਦੇ ਹਨ, ਉਹ ਸਾਰੇ ਰਸਤੇ ਅਖੀਰ ਵਿੱਚ ਮੇਰੇ ਨਾਲ ਹੀ ਮਿਲ ਜਾਂਦੇ ਹਨ। ਅਸੀਂ ਲੋਕੀਂ ਸਮੂਹ ਧਰਮਾਂ ਪ੍ਰਤੀ ਕੇਵਲ ਸਹਿਣਸ਼ੀਲਤਾ ਵਿੱਚ ਹੀ ਵਿਸ਼ਵਾਸ ਨਹੀਂ ਕਰਦੇ, ਸਗੋਂ ਸਾਰੇ ਧਰਮਾਂ ਨੂੰ ਸੱਚਾ ਮੰਨ ਕੇ ਅਪਣਾਉਂਦੇ ਹਾਂ। ਮੈਂ ਇਹ ਬੇਨਤੀ ਕਰਦਿਆਂ ਗੌਰਵ ਮਹਿਸੂਸ ਕਰਦਾ ਹਾਂ ਕਿ ਮੈਂ ਅਜਿਹੇ ਧਰਮ ਦਾ ਅਨੁਯਾਈ ਹਾਂ, ਜਿਸ ਨੂੰ ਸਾਡੀ ਪਵਿੱਤਰ ਸੰਸਕ੍ਰਿਤ ਭਾਸ਼ਾ ਵਿੱਚ 'ਸਨਾਤਨ ਧਰਮ' ਆਖਿਆ ਜਾਂਦਾ ਹੈ ਪਰ ਅੰਗਰੇਜ਼ੀ ਦਾ 'ਐਕਸਕਲੂਸਿਵ' ਸ਼ਬਦ ਵੀ ਉਸ ਦਾ ਸਮਾਨ-ਅਰਥਕ ਬਣਨ ਦੀ ਸਮਰੱਥਾ ਨਹੀਂ ਰੱਖਦਾ।

ਇਸ ਮਹਾ ਸਭਾ ਦੇ ਪ੍ਰਧਾਨ ਡਾ. ਬੈਰੋਜ ਨੇ ਉਨ੍ਹਾਂ ਦੀ ਪ੍ਰਤਿਭਾਸ਼ਾਲੀ ਸ਼ਖਸੀਅਤ ਵੇਖ ਕੇ ਇਹ ਟਿੱਪਣੀ ਕੀਤੀ ਸੀ;ਭਾਰਤ ਜਿਸ ਨੂੰ ਧਰਮਾਂ ਦੀ ਮਾਤਾ' ਸੱਦਿਆ ਜਾਂਦਾ ਹੈ, ਦੀ ਪ੍ਰਤੀਨਿਧਤਾ ਸਵਾਮੀ ਵਿਵੇਕਾਨੰਦ ਨੇ ਕੀਤੀ ਹੈ। ਭਗਵੇਂ ਕੱਪੜਿਆਂ ਵਾਲੇ ਇਸ ਸੰਨਿਆਸੀ ਨੇ ਸਰੋਤਿਆਂ ਉਤੇ ਚਮਤਕਾਰਪੂਰਨ ਪ੍ਰਭਾਵ ਪਾਇਆ ਹੈ।ਸਮਾਚਾਰ ਪੱਤਰਾਂ ਦੇ ਪ੍ਰਤੀਨਿਧੀ ਵੀ ਉਨ੍ਹਾਂ ਵਲ ਖਾਸ ਤੌਰ 'ਤੇ ਆਕਰਸ਼ਿਤ ਹੋਏ ਹਨ, ਜਿਨ੍ਹਾਂ ਨੇ ਉਸ ਨੂੰ ਭਾਰਤ ਦੇ ਸਮੁੰਦਰੀ ਤੂਫਾਨ ਵਰਗੇ ਸੰਨਿਆਸੀ ਦੀ ਉਪਮਾ ਦਿੱਤੀ ਹੈ।

ਵੇਦਾਂਤ ਅਤੇ ਯੋਗ ਸਾਧਨਾ

